ਡਾਇਰੈਕਟੋਰੇਟ ਆਫ਼ ਡਿਸਟੈਂਸ ਐਂਡ ਔਨਲਾਈਨ ਐਜੂਕੇਸ਼ਮ

**Directorate of Distance & Online Education**

ਯੂਨੀਵਰਸਿਟੀ ਆਫ਼ ਜੰਮੂ, ਜੰਮੂ

**University of Jammu, Jammu**

ਅਧਿਐਨ ਸਮੱਗਰੀ

# STUDY MATERIAL

ਐਮ. ਏ. ਪੰਜਾਬੀ

M. A. Punjabi

Semester - II

Session : 2023 Onwards

Subject : Punjabi
ਵਿਸ਼ਾ : ਪੰਜਾਬੀ
Course No. : Pbi 201
ਕੋਰਸ ਨੰਬਰ : ਪੀਬੀਆਈ 201

## Adhunik Punjabi Kavita (after 1947)

Lesson : 1-11
ਲੈਸਨ : 1-11
Unit : 1-3
ਯੂਨਿਟ : 1-3

ਕੋਰਸ ਕੋਆਰਡੀਨੇਟਰ
Course Co-ordinator
ਡਾ. ਰਾਜਬੀਰ ਸਿੰਘ ਸੋਢੀ
Dr. Rajbeer Singh Sodhi

ਇਸ ਅਧਿਐਨ ਸਮੱਗਰੀ ਦਾ ਲੇਖਕ/ਕਾਪੀਰਾਈਟ ਡਿਸਟੈਂਸ ਐਜੂਕੇਸ਼ਨ ਡਾਇਰੈਕਟੋਰੇਟ ਹੈ, ਜੰਮੂ ਯੂਨੀਵਰਸਿਟੀ, ਜੰਮੂ - 180006 ਦੇ ਕੋਲ ਸੁਰੱਖਿਅਤ ਹੈ।

*http:/www.distanceeducationju.in*
*Printed and Published on behalf of the Directorate of Distance & Online Education, University of Jammu, Jammu by the Director, DD&OE University of Jammu, Jammu.*

**Course No. 201 PUNJABI KAVITA Semester - II**


- **COURSE CONTRIBUTOR :**

  **Dr. Gurpreet Singh**
  Assistant Professor
  Punjabi Department
  Maitreyi College
  University of Delhi

- **CONTENT EDITING/FORMATE READING :**

  **Prof. Baljeet Kour**
  Professor
  P.G. Department Punjabi
  University of Jammu

  **Dr. Rajbeer Singh Sodhi**
  Assistant Professor
  DD&OE
  University of Jammu



*© Directorate of Distance and Online Education, University of Jammu, Jammu, 2024*

* All rights reserved. No part of this work may be reproduced in any form, by mimeograph or any other means, without permission in writing from the DD&OE, University of Jammu.

* The script writer shall be responsible for the lesson/script submitted to the DD&OE and any plagiarism shall be his/her entire responsibility.



Printed at : Sudesh Printers / 2024 / No. of Copies 100

# (Semester - 2nd)

# MASTER DEGREE PROGRAMME PUNJABI

SYLLABUS AND COURSES IN PUNJABI FOR MASTER DEGREE PROGRAMME 2nd SEMESTER UNDER NON-CBCS FOR THE EXAMINATION TO BE HELD IN MAY 2024, 2025 & 2026.

| | | | |
|---|---|---|---|
| Title of the course: | ਆਧੁਨਿਕ ਪੰਜਾਬੀ ਕਵਿਤਾ (1947 ਤੋਂ ਬਾਅਦ)<br>(Adhunik Punjabi Kavita, After 1947) | | |
| Course code : | Pbi201 | Max. Marks: | 100 |
| | | Semester Exam: | 80 |
| | | Internal Assessment: | 20 |
| Credits: | 5 | Min. Marks: | 29 |
| Duration of Exam: | 3:00 Hrs. | | |

Prescribed text/contents:

1. ਕਣੀਆਂ, ਸੁਖਵਿੰਦਰ ਅੰਮ੍ਰਿਤ, ਲਾਹੌਰ ਬੁੱਕ ਸ਼ਾਪ, ਲੁਧਿਆਣਾ।
2. ਅਸੀਂ ਨਸਨਕ ਦੇ ਕੀ ਲੱਗਦੇ ਹਾਂ, ਜਸਵੰਤ ਜ਼ਫ਼ਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ।
3. ਕਾਵਿ-ਮਹਿਕਾਂ (ਜੰਮੂ ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦਾ ਸੰਗ੍ਰਹਿ), ਡਾ. ਹਰਜਿੰਦਰ ਸਿੰਘ, ਡਾ. ਪ੍ਰੀਤਮ ਸਿੰਘ (ਸੰਪਾ), ਗ੍ਰੇਸ਼ੀਅਸ ਬੁਕਸ, ਪਟਿਆਲਾ।

ਨੋਟ: ਪ੍ਰਸ਼ਨ ਪੇਪਰ ਦੀ ਰੂਪ ਰੇਖਾ:

ਭਾਗ ੳ: ਨਿਰਧਾਰਿਤ ਪਾਠਕ੍ਰਮ ਦੀ ਹਰੇਕ ਪੁਸਤਕ ਵਿਚੋਂ ਸੌ-ਫ਼ੀਸਦੀ ਵਿਕਲਪ ਨਾਲ ਦੋ ਭਾਗਾਂ ਵਿਚ ਪ੍ਰਸ਼ਨ ਪੁੱਛੇ ਜਾਣਗੇ। 12 × 3 = 36

ਭਾਗ I- ਵਿਚ ਵਿਹਾਰਕ ਸਮੀਖਿਆ ਵਾਲੇ ਦੋ ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਵਿਚੋਂ ਕਿਸੇ ਇਕ ਦਾ ਉੱਤਰ ਦੇਣਾ ਜ਼ਰੂਰੀ ਹੋਵੇਗਾ।

ਭਾਗ II- ਵਿਸਤਾਰ ਸਹਿਤ ਉੱਤਰਾਂ ਵਾਲੇ ਚਾਰ ਆਲੋਚਨਾਤਮਕ ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਵਿਚੋਂ ਕਿਸੇ ਦੋ ਦਾ ਉੱਤਰ ਦੇਣਾ ਜ਼ਰੂਰੀ ਹੋਵੇਗਾ।

ਭਾਗ ਅ: ਨਿਰਧਾਰਿਤ ਪਾਠਕ੍ਰਮ ਦੀ ਹਰੇਕ ਪੁਸਤਕ ਵਿਚੋਂ ਸੌ-ਫ਼ੀਸਦੀ ਵਿਕਲਪ ਨਾਲ ਦਰਮਿਆਨੇ ਉੱਤਰਾਂ ਵਾਲੇ ਪ੍ਰਸ਼ਨ ਪੁੱਛੇ ਜਾਣਗੇ। 8 × 3 = 24

ਭਾਗ ੲ: ਨਿਰਧਾਰਿਤ ਪਾਠਕ੍ਰਮ ਦੀ ਹਰੇਕ ਪੁਸਤਕ ਵਿਚੋਂ ਅਤਿ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀਆਂ ਲਈ ਸਾਰੇ ਪ੍ਰਸ਼ਨਾਂ ਦਾ ਉੱਤਰ ਦੇਣਾ ਜ਼ਰੂਰੀ ਹੋਵੇਗਾ। 5 × 3 = 15

ਭਾਗ ਸ: ਸਾਰੇ ਪਾਠਕ੍ਰਮ 'ਤੇ ਆਧਾਰਤ ਪੰਜ ਵਸਤੂਨਿਸ਼ਠ ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀਆਂ ਲਈ ਸਾਰੇ ਪ੍ਰਸ਼ਨਾਂ ਦਾ ਉੱਤਰ ਦੇਣਾ ਜ਼ਰੂਰੀ ਹੋਵੇਗਾ। 1 × 5 = 5

# ਤੱਤਕਰਾ

*ਟਾਇਟਲ* ਪੇਜ ਨੰ.


**ਯੂਨਿਟ - 1**

1. ਕਣੀਆਂ ਸੁਖਵਿੰਦਰ ਅੰਮ੍ਰਿਤ 3-28

1.1. ਸੁਖਵਿੰਦਰ ਅੰਮ੍ਰਿਤ ਦੀ ਕਾਵਿ ਪੋਥੀ 'ਕਣੀਆਂ' ਦੀਆਂ ਚੋਣਵੀਆਂ ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ

1.2. ਸੁਖਵਿੰਦਰ ਅੰਮ੍ਰਿਤ ਦੀ ਕਾਵਿ ਪੋਥੀ 'ਕਣੀਆਂ' ਦਾ ਵਿਸ਼ਾ ਅਤੇ ਉਦੇਸ਼

1.3. ਸੁਖਵਿੰਦਰ ਅੰਮ੍ਰਿਤ ਦੀ ਕਾਵਿ ਪੋਥੀ 'ਕਣੀਆਂ' ਦੀ ਸਾਹਿਤਕ ਆਲੋਚਨਾ

1.4. ਸੁਖਵਿੰਦਰ ਅੰਮ੍ਰਿਤ ਦੀ ਕਾਵਿ ਪੋਥੀ 'ਕਣੀਆਂ' ਦੇ ਆਧਾਰ ਉੱਤੇ ਉਨ੍ਹਾਂ ਦੀ ਕਾਵਿ ਸ਼ੈਲੀ

1.5. ਸੁਖਵਿੰਦਰ ਅੰਮ੍ਰਿਤ ਦਾ ਪੰਜਾਬੀ ਆਧੁਨਿਕ ਕਵਿਤਾ ਵਿਚ ਸਥਾਨ

**ਯੂਨਿਟ - 2**

2. ਅਸੀਂ ਨਾਨਕ ਦੇ ਕੀ ਲੱਗਦੇ ਹਾਂ ਜਸਵੰਤ ਜ਼ਫ਼ਰ 29-65

2.1. ਆਧੁਨਿਕ ਪੰਜਾਬੀ ਕਵਿਤਾ ਨਾਲ ਜਾਣ-ਪਛਾਣ

2.2. ਪ੍ਰਸੰਗ ਸਹਿਤ ਵਿਆਖਿਆ

2.3. ਜਸਵੰਤ ਜ਼ਫ਼ਰ ਦੀ ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਦਾ ਵਿਸ਼ਾ ਅਤੇ ਉਦੇਸ਼

2.4. ਜਸਵੰਤ ਜ਼ਫ਼ਰ ਦੀ ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਵਿਚਲੀ ਕਵਿਤਾ ਦੀ ਸਾਹਿਤਕ ਆਲੋਚਨਾ

2.5. ਜਸਵੰਤ ਜ਼ਫ਼ਰ ਦੀ ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਦੇ ਆਧਾਰ ਉੱਤੇ ਉਸਦੀ ਕਾਵਿ ਸ਼ੈਲੀ

2.6. ਜਸਵੰਤ ਜ਼ਫ਼ਰ ਦਾ ਪੰਜਾਬੀ ਵਿਚ ਸਥਾਨ

**ਯੂਨਿਟ - 3**

3. ਕਾਵਿ ਮਹਿਕਾਂ ਡਾ. ਹਰਜਿੰਦਰ ਸਿੰਘ, ਡਾ. ਪ੍ਰੀਤਮ ਸਿੰਘ (ਸੰਪਾ) 66-103

3.1. ਕਾਵਿ ਮਹਿਕਾਂ ਜਾਣ-ਪਛਾਣ

3.2. ਕਾਵਿ ਮਹਿਕਾਂ ਵਿਚੋਂ ਚੋਣਵੀਆਂ ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ

3.3. ਕਾਵਿ ਮਹਿਕਾਂ ਦਾ ਵਿਸ਼ਾ ਉਦੇਸ਼

3.4. ਕਾਵਿ ਮਹਿਕਾਂ ਵਿਚਲੀ ਕਵਿਤਾ ਦੀ ਸਾਹਿਤਕ ਆਲੋਚਨਾ

3.5. ਕਾਵਿ ਮਹਿਕਾਂ ਵਿਚਲੇ ਕਵੀਆਂ ਦਾ ਪੰਜਾਬੀ ਸਾਹਿਤ ਨੂੰ ਯੋਗਦਾਨ

## ਕਣੀਆਂ

## (ਸੁਖਵਿੰਦਰ ਅਮ੍ਰਿਤ)

**1.1 ਜਾਣ-ਪਛਾਣ (Introduction)**

**1.2 ਉਦੇਸ਼ (Objective)**

**1.3 ਵਿਸ਼ਾ ਪੱਖ (Content Section)**

**1.3.1 ਸੁਖਵਿੰਦਰ ਅਮ੍ਰਿਤ ਦੀ ਕਾਵਿ ਪੋਥੀ 'ਕਣੀਆਂ' ਦੀਆਂ ਚੋਣਵੀਆਂ ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ**

**1.3.2 ਸੁਖਵਿੰਦਰ ਅਮ੍ਰਿਤ ਦੀ ਕਾਵਿ ਪੋਥੀ 'ਕਣੀਆਂ' ਦਾ ਵਿਸ਼ੇ ਅਤੇ ਉਦੇਸ਼**

**1.3.3 ਸੁਖਵਿੰਦਰ ਅਮ੍ਰਿਤ ਦੀ ਕਾਵਿ ਪੋਥੀ 'ਕਣੀਆਂ' ਦੀ ਸਾਹਿੱਤਕ ਅਲੋਚਨਾ**

**1.3.4 ਸੁਖਵਿੰਦਰ ਅਮ੍ਰਿਤ ਦੀ ਕਾਵਿ ਪੋਥੀ 'ਕਣੀਆਂ' ਦੇ ਆਧਾਰ ਉੱਤੇ ਉਨ੍ਹਾਂ ਦੀ ਕਾਵਿ ਸ਼ੈਲੀ**

**1.3.5 ਸੁਖਵਿੰਦਰ ਅਮ੍ਰਿਤ ਦਾ ਪੰਜਾਬੀ ਆਧੁਨਿਕ ਕਵਿਤਾ ਵਿਚ ਸਥਾਨ**

**1.4 ਨਿਸ਼ਕਰਸ਼ (Summary) :**

**1.5 ਸ਼ਬਦਾਵਲੀ (Glossary) :**

**1.6 ਅਭਿਆਸ ਲਈ ਪ੍ਰਸ਼ਨ [Self Assessment Questions (SAQ)]**

**1.7 ਸਹਾਇਕ ਗ੍ਰੰਥਾਵਲੀ**

**1.8 ਸਹਾਇਕ ਪੁਸਤਕਾਂ (Suggestive Reading)**

## 1.1 ਜਾਣ-ਪਛਾਣ (Introduction):

ਬਹੁਮੁਖੀ ਪ੍ਰਤਿਭਾ ਦੀ ਮਾਲਕ ਸੁਖਵਿੰਦਰ ਅਮ੍ਰਿਤ ਕਾਵਿ ਕਲਾ ਦੇ ਖੇਤਰ ਵਿਚ ਪਰੰਪਰਾ ਅਤੇ ਨਵੀਨਤਾ ਦੇ ਵਿਚਕਾਰ ਪੁਲ ਸਿਰਜਦੀ ਹੈ। ਉਨ੍ਹਾਂ ਨੇ ਗਜ਼ਲ, ਗੀਤ ਅਤੇ ਕਵਿਤਾ ਦੇ ਖੇਤਰ ਵਿਚ ਨਵੇਂ ਮਿਆਰ ਸਥਾਪਿਤ ਕੀਤੇ ਹਨ। ਸਮੁੱਚੀ ਨਾਰੀ ਜਾਤੀ ਦੀਆਂ ਜੀਵਨ ਸਮੱਸਿਆਵਾਂ ਦੇ ਜਟਿਲ ਤੋਂ ਜਟਿਲ ਰੂਪ ਨੂੰ ਵੀ ਖੁਲ੍ਹੀ ਕਵਿਤਾ ਵਿਚ ਸਫਲਤਾਪੂਰਵਕ ਪੇਸ਼ ਕੀਤਾ ਹੈ। ਉਹ ਆਪਣੀ ਕਾਵਿ ਸ਼ੈਲੀ ਰਾਹੀਂ ਬਹੁਮੰਤਵੀ ਅਤੇ ਬਹੁਪਾਸਾਰੀ ਸੰਵਾਦ ਰਚਾਉਂਦੀ ਹੈ। ਸੁਭਾਅ ਪੱਖੋਂ ਉਸਦੀ ਕਵਿਤਾ ਕਿਸੇ ਵਿਸ਼ੇਸ਼ ਕਾਲ ਨਾਲ ਨਹੀਂ ਬੰਨੀ ਹੋਈ ਹੈ। ਸੁਖਵਿੰਦਰ ਅਮ੍ਰਿਤ ਦੀ ਕਵਿਤਾ ਵਰਤਮਾਨ ਯਥਾਰਥ ਦੇ ਨਾਲ ਨਾਲ ਉਸਦੀ ਆਪਣੀ ਜਿੰਦਗੀ ਨਾਲ ਵੀ ਪੱਕੇ ਤੌਰ ਉੱਤੇ ਜੁੜੀ ਹੋਈ ਹੈ। ਹਾਲਾਂਕਿ ਸੁਖਵਿੰਦਰ ਅਮ੍ਰਿਤ ਦੀ ਪੂਰੀ ਸ਼ਾਇਰੀ ਦਾ ਕੇਂਦਰੀ ਵਿਸ਼ਾ ਮੁਹੱਬਤ ਦੀ ਪੇਸ਼ਕਾਰੀ ਹੈ ਪਰ ਉਸ ਦੀ ਕਵਿਤਾ ਵਿਚ ਨਾਰੀ ਚੇਤਨਾ ਦੇ ਕਈ ਅਜਿਹੇ ਪ੍ਰਤੀਕ ਅਤੇ ਘਟਨਾਵਾਂ ਪ੍ਰਗਟ ਹੁੰਦੀਆਂ ਹਨ ਜੋ ਨਾਰੀ ਦੀ ਸਵੈ-ਹੋਂਦ ਦੇ ਪ੍ਰਸ਼ਨ ਦੇ ਰੂ-ਬ-ਰੂ ਹੁੰਦੀਆਂ ਹੋਈਆਂ ਉਸਨੂੰ ਸੰਘਰਸ਼ ਵੱਲ ਪ੍ਰੇਰਿਤ ਕਰਦੀਆਂ ਹਨ। ਉਹ ਔਰਤ ਵਿਚ ਪਿਆਰ ਦੀ ਤਾਂਘ ਅਤੇ ਵਸਲ ਦੇ ਅਨੂਠੇ ਚਿੱਤਰ ਨੂੰ ਪੇਸ਼ ਕਰਦੀ ਹੈ। ਸੁਖਵਿੰਦਰ ਅਮ੍ਰਿਤ ਇਕ ਅਜਿਹੀ ਕਾਵਿੱਤਰੀ ਹੈ ਜਿਸ ਦੀ ਕਾਵਿ ਪ੍ਰਤਿਭਾ ਨੂੰ ਸਮੇਂ ਅਤੇ ਹਾਲਾਤ ਨੇ ਕੁੰਦਨ ਬਣਾ ਦਿੱਤਾ। ਆਪਣੇ ਜੀਵਨ ਅਨੁਭਵ ਅਨੁਸਾਰ ਹੰਢਾਏ ਦਰਦ ਨੂੰ ਜਦੋਂ ਉਹ ਕਵਿਤਾ ਵਿਚ ਬਿਆਨ ਕਰਦੀ ਹੈ ਤਾਂ ਇਹ ਤੱਥ ਉੱਭਰ ਕੇ ਸਾਹਮਣੇ ਆਉਦਾਂ ਹੈ ਕਿ ਸਮੇਂ ਦੇ ਬਦਲਣ ਨਾਲ ਔਰਤ ਦੀ ਸਥਿਤੀ ਵਿਚ ਬਹੁਤਾ ਅੰਤਰ ਨਹੀਂ ਆਇਆ। ਮਾਨਸਿਕ ਪੀੜਾਂ ਦੀ ਸ਼ਿਕਾਰ ਔਰਤ, ਸਮਾਜ ਵਿਚੋਂ ਰੂਹਾਨੀ ਅਨੰਦ, ਖੁਸ਼ੀਆਂ, ਪਿਆਰ ਸਾਂਝ ਅਤੇ ਆਪਣੇਪਣ ਦੀ ਭਾਲ ਵਿਚ ਹੈ।

'ਕਣੀਆਂ' ਕਾਵਿ-ਪੁਸਤਕ ਸੁਖਵਿੰਦਰ ਅਮ੍ਰਿਤ ਦੀ ਤੀਜੀ ਕਾਵਿ-ਪੁਸਤਕ ਹੈ ਜੋ ਪਹਿਲੀ ਵਾਰ 2000 ਵਿਚ ਛਪੀ। ਇਸ ਵਿਚ 88 ਕਵਿਤਾਵਾਂ ਹਨ, ਜਿਨ੍ਹਾਂ ਦਾ ਕੇਂਦਰੀ ਵਿਸ਼ਾ ਮਾਨਵੀ ਰਿਸ਼ਤਿਆਂ ਨਾਲ ਸੰਬੰਧਿਤ ਹੈ। ਮੁਹੱਬਤ ਤੋਂ ਲੈ ਕੇ ਸਮਾਜਿਕ ਰਿਸ਼ਤਿਆਂ ਤੱਕ ਦਾ ਤਾਣਾ-ਬਾਣਾ ਇਸ ਕਾਵਿ ਪੋਥੀ ਵਿਚ ਦੇਖਿਆ ਜਾ ਸਕਦਾ ਹੈ। ਇਨ੍ਹਾਂ ਕਵਿਤਾਵਾਂ ਵਿਚ ਕਵਿੱਤਰੀ ਦਾ ਸਮਾਜ ਪ੍ਰਤੀ ਆਪਣਾ ਸਵੈ ਅਨੁਭਵ ਸ਼ਾਮਿਲ ਹੈ। ਕਵਿੱਤਰੀ ਪੁਰਸ਼ ਪ੍ਰਧਾਨ ਸਮਾਜ ਵਿਚ ਪਿਤਾ ਦੇ ਦਬਦਬੇ ਅਤੇ ਮਾਤਾ ਦੀ ਅਧੀਨਗੀ ਨੂੰ ਆਪਣੀਆਂ ਕਵਿਤਾਵਾਂ 'ਉਹ ਪੁਰਸ਼', 'ਹੁਣ ਮਾਂ', ਵਿਚ ਦਰਸਾਉਂਦੀ

ਹੈ। ਇਹ ਸੁਖਵਿੰਦਰ ਅਮ੍ਰਿਤ ਦੇ ਵਿਅਕਤੀਗਤ ਅਨੁਭਵ ਹਨ ਪਰ ਕਵਿਤਾ ਵਿਚਲੀ ਸੰਵੇਦਨਸ਼ੀਲਤਾ ਨੇ ਇਨ੍ਹਾਂ ਨੂੰ ਸ਼ਰਾਬੀ ਮਰਦ ਦੀ ਅਧੀਨਤਾ ਵਿਚ ਰਹਿ ਰਹੀ ਔਰਤ ਦੇ ਅਨੁਭਵ ਬਣਾ ਦਿੱਤਾ ਹੈ। 'ਫੁੱਲ ਵਰਖਾ ਤੇ ਰੋਸ਼ਨੀ', 'ਪੈਰ ਸਲਾਮਤ ਨੇ...,' 'ਸੂਰਜ ਦੀ ਕਿਰਨ', 'ਉਹ ਰੁੱਖ', ਵਰਗੀਆਂ ਕਵਿਤਾਵਾਂ ਸੰਘਰਸ਼ਮਈ ਜੀਵਨ ਵਿਚੋਂ ਪ੍ਰਗਟ ਹੋਣ ਵਾਲੀ ਸਫਲਤਾ ਨੂੰ ਦਰਸਾਉਂਦੀਆਂ ਹਨ। 'ਮੈਂ ਕੇਵਲ ਮਿੱਟੀ ਨਹੀਂ', 'ਸਬਕ', 'ਤੁਸੀਂ ਵੀ' 'ਨਹੀਂ ਪਰਵਾਨ', 'ਮੈਂ', 'ਤੁਰਦਾ ਆ ਮੇਰੇ ਵੱਲ', 'ਫੈਸਲਾ', 'ਉਡਾਣ', ਵਰਗੀਆਂ ਕਵਿਤਾਵਾਂ ਨਾਰੀ ਦੇ ਸੰਘਰਸ਼ਮਈ ਜੀਵਨ ਨੂੰ ਦਰਸਾਉਂਦੀਆਂ ਹਨ। 'ਧੂੰਆ', 'ਖ਼ਾਹਿਸ਼', 'ਚਸ਼ਮਾ', 'ਸਿੱਪ', 'ਮਹਿਬੂਬ ਦੇ ਇਸ਼ਾਰਿਆਂ' ਤੇ 'ਮੁਕਤੀ' ਨਾਮਕ ਕਵਿਤਾਵਾਂ ਪਿਆਰ ਅਤੇ ਵਿਛੋੜੇ ਦਾ ਅਹਿਸਾਸ ਕਰਵਾਉਂਦੀਆਂ ਹਨ। ਸੁਖਵਿੰਦਰ ਅਮ੍ਰਿਤ ਨੇ ਨਾ ਕੇਵਲ ਜਗੀਰੂ ਰੁਚੀਆਂ ਵਾਲੇ ਪਰੰਪਰਾਵਾਦੀ ਸਮਾਜ ਵਿਚ ਨਾਰੀ ਉੱਤੇ ਹੋ ਰਹੇ ਅਤਿਆਚਾਰ ਨੂੰ ਆਪਣੀਆਂ ਕਵਿਤਾਵਾਂ ਵਿਚ ਚਿੱਤਰਿਆ ਹੈ ਸਗੋਂ ਉਸ ਅੰਦਰ ਸ਼ਕਤੀ ਦੇ ਅਥਾਹ ਸਮੁੰਦਰ ਨੂੰ ਵੀ ਉਭਾਰਿਆ ਹੈ।

## 1.2 ਉਦੇਸ਼ (Objective):

ਹਰ ਕਵੀ ਕਵਿਤਾ ਲਿਖਦੇ ਸਮੇਂ ਕਿਸੇ ਨਾ ਕਿਸੇ ਉਦੇਸ਼ ਤੋਂ ਜ਼ਰੂਰ ਪ੍ਰੇਰਿਤ ਹੁੰਦਾ ਹੈ। ਖ਼ਾਸ ਕਰਕੇ ਉਹ ਕਵੀ ਜਿਨ੍ਹਾਂ ਨੇ ਸਮਾਜਿਕ ਤਾਣੇ ਬਾਣੇ ਤੋਂ ਆਪਣੀ ਕਾਵਿ ਕਲਪਨਾ ਦੀ ਸਿਰਜਣਾ ਕੀਤੀ ਹੋਵੇ ਅਤੇ ਉਹ ਨਿਰੋਲ ਰਹੱਸਵਾਦੀ ਨਾ ਹੋਣ। ਨਾਰੀ ਹੋ ਕੇ ਕਵਿੱਤਰੀ ਕਦੀ ਵੀ ਨਾਰੀ ਦੇ ਦੁੱਖ ਤੋਂ ਵੱਖ ਨਹੀਂ ਹੋ ਸਕਦੀ। ਅਜਿਹਾ ਹੀ ਕਣੀਆਂ ਵਿਚ ਵੀ ਦਿਖਾਈ ਦਿੰਦਾ ਹੈ। ਇਹ ਕਵਿਤਾਵਾਂ ਨਾ ਕੇਵਲ ਨਾਰੀ ਦੇ ਦੁੱਖ ਨੂੰ ਬਿਆਨ ਕਰਦੀਆਂ ਹਨ ਸਗੋਂ ਨਾਰੀ ਅੰਦਰ ਆਖ਼ਰੀ ਦਮ ਤੱਕ ਸੰਘਰਸ਼ ਕਰਨ ਅਤੇ ਸ਼ਕਤੀ ਨੂੰ ਵੀ ਦਰਸਾਉਂਦੀਆ ਹਨ। ਇਸ ਵਿਚ ਸੱਚੇ ਪਿਆਰ ਦੀ ਤਸਵੀਰਕਸ਼ੀ ਵੀ ਪ੍ਰਾਪਤ ਹੁੰਦੀ ਹੈ। ਇਹ ਰਿਸ਼ਤਿਆਂ ਨੂੰ ਨਿਭਾਉਣ ਵਾਲਿਆਂ ਲਈ ਇਕ ਸੰਦੇਸ਼ ਦੀ ਤਰ੍ਹਾਂ ਹੈ। ਸੁਖਵਿੰਦਰ ਅਮ੍ਰਿਤ ਆਪ ਲਿਖਦੀ ਹੈ ਕਿ ਕਵੀ ਗਲਤ ਅਰਥਾਂ ਦੀ ਕੈਦ ਚੋਂ ਮੁਕਤ ਕਰਾਉਣ ਲਈ ਅਤੇ ਸ਼ਬਦਾਂ ਦੇ ਸਹੀ ਅਰਥਾਂ ਲਈ ਲੜਦਾ ਹੈ। ਸ਼ਬਦਾਂ ਨੂੰ ਗ਼ਲਤ ਅਰਥ ਉਹੀ ਦਿੰਦੇ ਹਨ ਜੋ ਅਨ੍ਹਿਆਂ ਨੂੰ ਜੀਵਿਤ ਰੱਖਣਾ ਚਾਹੁੰਦੇ ਹਨ। ਕਵਿਤਾਵਾਂ ਗ਼ਲਤ ਪਰੰਪਰਾਵਾਂ, ਜ਼ੁਲਮ, ਦਮ ਘੋਟੂ ਰੀਤੀ ਰਿਵਾਜਾਂ, ਪੁਰਸ਼ ਦੇ ਦਬਦਬੇ, ਪੁਰਸ਼ ਦੇ ਸਰੀਰਕ ਪਿਆਰ ਦੀ ਸੀਮਾ ਨੂੰ ਉਜਾਗਰ ਕਰਦੀਆਂ ਹਨ। ਇਹ ਕਵਿਤਾਵਾਂ ਸੁਤੰਤਰਤਾ, ਔਰਤ ਦੀ ਸੁਤੰਤਰਤਾ ਲਈ ਹਾਂ ਮੁਖੀ ਹੁੰਗਾਰਾ ਭਰਦੀਆਂ ਹਨ।

## 1.3.1 ਸੁਖਵਿੰਦਰ ਅਮ੍ਰਿਤ ਦੀ ਕਾਵਿ ਪੋਥੀ 'ਕਣੀਆਂ' ਦੀਆਂ ਚੋਣਵੀਆਂ ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ

**ਪ੍ਰਸੰਗ ਸਹਿਤ ਵਿਆਖਿਆ :**

ਜਿਸ ਦੀਆਂ **ਦਹਿਕਦੀਆਂ** ਅੱਖਾਂ **ਸਾਹਵੇਂ**
ਪੈ ਜਾਂਦੀ ਸੀ
ਚੁੱਲ੍ਹੇ ਦੀ ਅੱਗ **ਮੱਠੀ**
...................
**ਤ੍ਰਭਕ** ਕੇ ਉੱਡ ਜਾਂਦੀਆਂ ਸਨ
ਡੇਕ ਤੋਂ ਨੀਂਦ ਨਾਲ ਭਰੀਆਂ ਹੋਈਆਂ ਚਿੜੀਆਂ
...................................
ਮਾਂ ਦੇ ਹੱਥ 'ਚ ਛੁੱਟ ਜਾਂਦਾ ਸੀ
ਆਟੇ ਦਾ ਪੇੜਾ
ਤੇ ਦਰਵਾਜ਼ਿਆਂ ਪਿੱਛੇ ਲੁੱਕ ਜਾਂਦੀਆਂ ਸਨ ਛੋਟੀਆਂ ਭੈਣਾਂ
ਹਾਂ ਮੈਂ ਉਸ ਪੁਰਸ਼ ਦੀ ਗੱਲ ਕਰ ਰਹੀ ਹਾਂ
ਜਿਸ ਦੀ ਛੱਤਰ ਛਾਇਆ ਥੱਲੇ
ਚੜ੍ਹੀ ਸੀ ਮੈਨੂੰ ਮੈਲੀ ਜਿਹੀ **ਬੁੱਕਲ** ਵਿਚ ਲਿਪਟੀ
ਸਹਿਮੀ ਜਿਹੀ ਜਵਾਨੀ

**ਪ੍ਰਸੰਗ:**

ਇਹ ਕਾਵਿ ਸਤਰਾਂ ਸੁਖਵਿੰਦਰ ਅਮ੍ਰਿਤ ਦੁਆਰਾ ਰਚਿਤ ਕਾਵਿ ਪੁਸਤਕ 'ਕਣੀਆਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ 'ਪੁਰਸ਼' ਸਿਰਲੇਖ ਅਧੀਨ ਦਰਜ ਹੈ। ਇਹ ਸਤਰਾਂ ਸੁਖਵਿੰਦਰ ਅਮ੍ਰਿਤ ਦੇ ਜੀਵਨ ਦੇ ਉਸ ਹਿੱਸੇ ਨਾਲ ਸੰਬੰਧਤ ਹਨ ਜਿਸ ਨੂੰ ਉਸਨੇ ਇਕ ਜਗੀਰੂ ਸੋਚ ਵਾਲੇ ਤਾਨਾਸ਼ਾਹ ਅਤੇ ਸ਼ਰਾਬੀ ਬਾਪ ਹੇਠ ਗੁਜ਼ਾਰਿਆ ਸੀ।

**ਵਿਆਖਿਆ:**

ਕਵਿਤਾ ਵਿਚ ਮੈਲੀ ਬੁੱਕਲ ਵਾਲੀ ਕੁੜੀ ਸੁਖਵਿੰਦਰ ਹੈ ਜਦਕਿ 'ਪੁਰਸ਼' ਉਸਦਾ ਪਿਤਾ ਹੈ ਅਤੇ ਸੁਆਈ ਜਿਸਦੇ ਹੱਥੋਂ ਪੇੜਾ ਡਿੱਗ ਗਿਆ ਉਹ ਉਸਦੀ ਮਾਂ ਹੈ। ਪੁਰਸ਼ ਪ੍ਰਧਾਨ ਸਮਾਜ ਵਿਚ ਪਿਤਾ ਅਤੇ ਮਾਤਾ ਦੇ ਬਿੰਬ ਜੋ ਸੁਖਵਿੰਦਰ ਅਮ੍ਰਿਤ ਦੀਆਂ ਕਵਿਤਾਵਾਂ ਵਿਚ ਪ੍ਰਾਪਤ ਹੁੰਦੇ ਹਨ ਉਹ ਪਿਤਾ ਦੇ ਦਬਦਬੇ ਅਤੇ ਮਾਤਾ ਦੀ ਅਧੀਨਗੀ ਨੂੰ ਪ੍ਰਗਟ ਕਰਦੇ ਹਨ। ਛੋਟੀਆਂ ਭੈਣਾਂ ਦਾ ਦਰਵਾਜ਼ੇ ਪਿੱਛੇ ਲੁੱਕ ਜਾਣਾ, ਦਾਦੀ ਨੂੰ ਰਹਿਰਾਸ ਦਾ ਪਾਠ ਭੁੱਲ ਜਾਣਾ, ਚਿੜੀਆਂ ਦਾ ਡੇਕ ਤੋਂ ਉੱਡ ਜਾਣਾ, ਭਰਾ ਦਾ ਹੱਥੋਂ ਦੁੱਧ ਦੇ ਗਲਾਸ ਦਾ ਡਿੱਗ ਜਾਣਾ ਇਹ ਸਾਰੇ ਵਾਕ ਮਸੂਮੀਅਤ, ਡਰ ਅਤੇ ਪਿਤਾ ਦੇ ਫੂਹੜ ਮਰਦਾਨਗੀ ਦੇ ਦਬਦਬੇ ਨੂੰ ਵਿਅਕਤ ਕਰਦੇ ਹਨ। ਅਜਿਹਾ ਮਹੌਲ ਪਰੰਪਰਾਗਤ ਜਗੀਰੂ ਰੂਚੀਆਂ ਵਾਲੇ ਸਮਾਜਾਂ ਵਿਚ ਦਾ ਇਕ ਆਮ ਲੱਛਣ ਹੈ। ਕਵਿਤਾ ਦਬਦਬੇ ਅਤੇ ਡਰ ਨਾਲ ਭਰੇ ਮਰਦ ਪ੍ਰਧਾਨ ਸਮਾਜ ਦੀ ਤਸਵੀਰਕਸ਼ੀ ਕਰਦੀ ਹੈ।

ਚੰਨ ਦਾ ਟੋਟਾ
ਰੋਜ਼ ਉਹਦੀ **ਬੀਹੀ** 'ਚੋਂ ਚੜ੍ਹਦਾ
ਤੇ ਉਹਦੀ ਬੀਹੀ ਵਿਚ ਹੀ
ਛਿਪ ਜਾਂਦਾ
ਬਾਬਲ ਨੇ ਲਾਟ ਦੀਆਂ ਅੱਖਾਂ ਵਿਚ
ਚੰਨ ਦੇ ਟੋਟੇ ਦੀ ਛਾਂ ਤੱਕੀ
ਤੇ **ਲਾਟ** ਨੂੰ
ਕੰਧਾਂ ਪਿੱਛੇ ਡੱਕ ਦਿੱਤਾ
ਛੱਤਾਂ 'ਚੋਂ ਧੂੰਆਂ ਉਠਿਆ
ਚੰਨ ਦਾ ਟੋਟਾ **ਧੁਆਂਖਿਆ** ਗਿਆ
ਫੇਰ ਇਕ ਦਿਨ
ਕਾਲਾ ਬੱਦਲ

ਸਿਹਰੇ ਬੰਨ ਕੇ ਪਿੰਡ ਢੁਕਿਆ

ਚੰਨ ਦਾ ਟੋਟਾ ਖੁਰ ਗਿਆ

**ਸੁਲਫ਼ੇ** ਦੀ ਲਾਟ ਬੁਝ ਗਈ

**ਪ੍ਰਸੰਗ:**

ਇਹ ਕਾਵਿ ਸਤਰਾਂ ਸੁਖਵਿੰਦਰ ਅਮ੍ਰਿਤ ਦੁਆਰਾ ਰਚਿਤ ਕਾਵਿ ਪੁਸਤਕ 'ਕਣੀਆਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ 'ਧੂੰਆ' ਸਿਰਲੇਖ ਅਧੀਨ ਦਰਜ ਹੈ। ਇਹ ਕਾਵਿ ਟੋਟਾ ਇੱਕ ਛੋਟੀ ਜਿਹੀ ਪ੍ਰੇਮ ਕਹਾਣੀ ਦੇ ਅੰਤ ਨੂੰ ਦਰਸਾ ਰਿਹਾ ਹੈ।

**ਵਿਆਖਿਆ:**

ਕਵਿਤਾ ਵਿਚ ਚੰਨ ਦਾ ਟੋਟਾ ਪ੍ਰੇਮੀ ਹੈ, ਸੁਲਫ਼ੇ ਦੀ ਲਾਟ ਪ੍ਰੇਮਿਕਾ ਤੇ ਕਾਲਾ ਬੱਦਲ ਉਹ ਹੈ ਜਿਸ ਨਾਲ ਪ੍ਰੇਮਿਕਾ ਦਾ ਵਿਆਹ ਹੁੰਦਾ ਹੈ। ਪ੍ਰੇਮੀ ਪ੍ਰੇਮਿਕਾ ਲਈ ਗਲੀ ਵਿਚ ਗੇੜੇ ਮਾਰਦਾ ਹੈ ਪਰ ਜਿਵੇਂ ਹੀ ਪ੍ਰੇਮਿਕਾ ਦੇ ਪਿਤਾ ਨੂੰ ਇਸ ਦੀ ਭਨਕ ਲੱਗਦੀ ਹੈ ਉਹ ਉਸਨੂੰ ਘਰ ਦੀਆਂ ਦੀਵਾਰਾਂ ਵਿਚ ਕੈਦ ਕਰ ਦਿੰਦਾ ਹੈ। ਆਖ਼ਿਰ ਇਕ ਦਿਨ ਪ੍ਰੇਮਿਕਾ ਦਾ ਵਿਆਹ ਕਿਤੇ ਹੋਰ ਕਰ ਦਿੱਤਾ ਜਾਂਦਾ ਹੈ। ਚੰਨ ਦਾ ਟੋਟਾ ਗ਼ਮ ਵਿਚ ਖੁਰ ਜਾਂਦਾ ਹੈ ਅਤੇ ਸੁਲਫ਼ੇ ਦੀ ਲਾਟ ਦੇ ਸਾਰੇ ਸੁਪਨੇ ਬੁਝ ਜਾਂਦੇ ਹਨ।

ਮੇਰੀ ਉੱਚੀ ਉਡਾਣ ਨੂੰ ਦੇਖ ਕੇ

ਡਰ ਗਿਆ ਉਹ

ਕਾਗਜ਼ ਦੀ ਗੁੱਡੀ ਦਾ

ਸੂਰਜ ਨੂੰ ਛੂਹਣਾ

**ਮੁਨਾਸਿਬ** ਨਹੀਂ ਸੀ

ਉਸ ਨੇ ਮੇਰੀ ਡੋਰ

ਕੱਟ ਦਿੱਤੀ

ਅੱਧ ਅਸਮਾਨ 'ਚੋਂ

ਡਿੱਕ ਡੋਲੇ ਖਾਂਦੀ

ਉਸ ਦੀਆਂ ਬਾਹਵਾਂ ਵਿੱਚ

ਉਹ ਬਹੁਤ ਖ਼ੁਸ਼ ਹੈ

ਮੈਨੂੰ ਸਹੀ ਸਲਾਮਤ ਦੇਖ ਕੇ

**ਪ੍ਰਸੰਗ:**

ਇਹ ਕਾਵਿ ਸਤਰਾਂ ਸੁਖਵਿੰਦਰ ਅਮ੍ਰਿਤ ਦੁਆਰਾ ਰਚਿਤ ਕਾਵਿ ਪੁਸਤਕ 'ਕਣੀਆਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ 'ਉਡਾਣ' ਸਿਰਲੇਖ ਅਧੀਨ ਦਰਜ ਹੈ। ਇਹ ਕਾਵਿ ਟੋਟਾ ਮਰਦ ਦੁਆਰਾ ਕਿਸੇ ਨਾ ਕਿਸੇ ਢੰਗ ਤਰੀਕੇ ਔਰਤ ਨੂੰ ਆਪਣੇ ਅਧੀਨ ਰੱਖਣ ਦੀ ਇੱਛਾ ਨਾਲ ਸੰਬੰਧਤ ਹੈ।

**ਵਿਆਖਿਆ:**

ਕਵਿੱਤਰੀ ਔਰਤ ਨੂੰ ਕਾਗਜ਼ ਦੀ ਗੁੱਡੀ ਕਹਿ ਕੇ ਸੰਬੋਧਿਤ ਕਰਦੀ ਹੈ। ਜਿਸਦੀ ਤਰੱਕੀ ਅਤੇ ਉੱਚੀ ਉਡਾਨ ਮਰਦ ਦੇ ਮਨ ਵਿਚ ਡਰ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੰਦੀ ਹੈ। ਮਰਦ ਕਿਸੇ ਨਾ ਕਿਸੇ ਤਰੀਕੇ ਉਸਦੀ ਉਡਾਨ ਉੱਤੇ ਰੋਕ ਲਗਾਉਣਾ ਚਾਹੁੰਦਾ ਹੈ। ਮਰਦ ਨੂੰ ਵਹਿਮ ਹੈ ਕਿ ਔਰਤ ਲਈ ਮਰਦ ਦੀਆਂ ਬਾਹਵਾਂ ਹੀ ਸਭ ਤੋਂ ਸੁਰਖਿਅਤ ਜਗ੍ਹਾ ਹਨ। ਔਰਤ ਦੀ ਤਰੱਕੀ ਉਤੇ ਰੋਕ ਲਗਾ ਕੇ ਅਤੇ ਉਸਨੂੰ ਆਪਣੀ ਘੁੰਮਣਘੇਰੀ ਵਿਚ ਪਾ ਕੇ ਹੀ ਉਹ ਖੁਸ਼ ਰਹਿੰਦਾ ਹੈ। ਔਰਤ ਦੀ ਖੁਸ਼ੀ ਨਾਲੋਂ ਉਸਨੂੰ ਆਪਣੀ ਖੁਸ਼ੀ ਅਤੇ ਸੁਰੱਖਿਆ ਵੱਧ ਪਿਆਰੀ ਹੈ।

ਨਹੀਂ ਪਰਵਾਨ

ਕਿ ਰੁਕਮਣੀ ਬਣ ਕੇ

ਰਾਧਾ ਤੇ ਕ੍ਰਿਸ਼ਨ ਦੀ ਮੁਹੱਬਤ ਦੀਆਂ

**ਕਨਸੋਆਂ** ਸੁਣਾਂ

ਤੇ ਉਮਰ ਭਰ ਧੁਖਦੀ ਰਹਾਂ

............................

ਮੈਂ ਤਾਂ ਚਾਹੁੰਦੀ ਹਾਂ ਸੋਹਣੀ ਵਾਂਗ

ਤੇਰੇ ਇਸ਼ਕ ਦਾ ਡੂੰਘਾ ਝਨਾਂ ਤਰਾਂ

..................................

ਜਾਂ ਹੀਰ ਹੋਵਾਂ

ਤੇ ਝੂਠੀ ਮੂਠੀ ਦਾ ਸੱਪ ਲੜਾ

ਖੇੜਿਆਂ ਨੂੰ ਵਿਹੁ ਵਾਂਗ ਚੜ੍ਹਾਂ

ਤੇਰੀ ਜੋਗਣ ਬਣ ਕੇ ਤੇਰੇ ਨਾਲ, ਹੋ ਤੁਰਾਂ

**ਪ੍ਰਸੰਗ:**

ਇਹ ਕਾਵਿ ਸਤਰਾਂ ਸੁਖਵਿੰਦਰ ਅਮ੍ਰਿਤ ਦੁਆਰਾ ਰਚਿਤ ਕਾਵਿ ਪੁਸਤਕ 'ਕਣੀਆਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ 'ਨਹੀਂ ਪਰਵਾਨ' ਸਿਰਲੇਖ ਅਧੀਨ ਦਰਜ ਹੈ। ਇਹ ਕਾਵਿ ਟੋਟਾ ਇੱਕ ਛੋਟੀ ਜਿਹੀ ਪ੍ਰੇਮ ਕਹਾਣੀ ਦੇ ਅੰਤ ਨੂੰ ਦਰਸਾ ਰਿਹਾ ਹੈ।

**ਵਿਆਖਿਆ:**

ਔਰਤ ਨੂੰ ਹਮੇਸ਼ਾਂ ਦੇਵੀ, ਸਤੀ-ਸਵਿੱਤਰੀ ਦਾ ਉੱਚਾ ਦਰਜਾ ਦੇ ਕੇ ਉਸ ਤੋਂ ਹਮੇਸ਼ਾਂ ਬਲੀਦਾਨ ਦੀ ਕਾਮਨਾ ਕੀਤੀ ਜਾਂਦੀ ਹੈ। ਪਰ ਕਵਿੱਤਰੀ ਇਸਦਾ ਵਿਰੋਧ ਕਰਦੀ ਹੈ। ਉਸਨੂੰ ਰੁਕਮਣੀ, ਯਸ਼ੋਦਰਾ ਜਾਂ ਸੰਕੁਤਲਾ ਬਣ ਕੇ ਜਿਊਣਾ ਚੰਗਾ ਨਹੀਂ ਲੱਗਦਾ ਸਗੋਂ ਉਹ ਫ਼ਰੇਬੀ ਰੀਤਾਂ-ਰਸਮਾਂ ਨੂੰ ਸਰ ਕਰਕੇ ਅਜ਼ਾਦ ਫ਼ਿਜ਼ਾ ਵਿਚ ਵਿਚਰਨਾ ਚਾਹੁੰਦੀ ਹੈ। ਉਹ ਸੋਹਣੀ ਅਤੇ ਹੀਰ ਬਣ ਕੇ ਅਣਖ ਦੀ ਮੌਤ ਮਰਨਾ ਚਾਹੁੰਦੀ ਹੈ।

ਪਹਿਲਾਂ ਅੱਖ ਦਾ ਬੋਲ ਪਛਾਣਾਂਗੀ

ਫਿਰ ਦਿਲ ਦੇ ਵਿਹੜੇ ਉਤਰਾਂਗੀ

ਰੂਹ ਦਾ ਭੇਤ ਜਾਣਾਂਗੀ

ਐਵੇਂ ਤਾਂ ਨਹੀਂ ਭੁੱਲ

ਪਵਾਂਗੀ ਮੈਂ

ਤਾਂ ਕਿਤੇ ਜਾ ਕੇ ਟਸ ਤੋਂ ਮਸ ਹੋਵਾਂਗੀ

.................................

ਇਹ ਨਾ ਸੋਚੀਂ

ਤੇਰੇ ਖੁਸ਼ਕ ਹੋਠਾਂ ਨੂੰ ਤੱਕ ਕੇ

ਪਿਘਲ ਜਾਵਾਂਗੀ

ਉੱਮਲ ਆਵਾਂਗੀ

ਵਹਿ ਤੁਰਾਂਗੀ ਮੈਂ।

**ਪ੍ਰਸੰਗ:**

ਇਹ ਕਾਵਿ ਸਤਰਾਂ ਸੁਖਵਿੰਦਰ ਅਮ੍ਰਿਤ ਦੁਆਰਾ ਰਚਿਤ ਕਾਵਿ ਪੁਸਤਕ 'ਕਣੀਆਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ 'ਮੈਂ' ਸਿਰਲੇਖ ਅਧੀਨ ਦਰਜ ਹੈ। ਇਹ ਕਾਵਿ ਟੋਟਾ ਇੱਕ ਛੋਟੀ ਜਿਹੀ ਪ੍ਰੇਮ ਕਹਾਣੀ ਦੇ ਅੰਤ ਨੂੰ ਦਰਸਾ ਰਿਹਾ ਹੈ।

**ਵਿਆਖਿਆ:**

ਕਵਿੱਤਰੀ ਝੂਠੀ ਹਮਦਰਦੀ ਨੂੰ ਨਫ਼ਰਤ ਕਰਦੀ ਹੈ। ਉਹ ਸਮਝਦੀ ਹੈ ਕਿ ਔਰਤ ਦੀ ਭਾਵਕੁਤਾ ਦੇ ਸਮੇਂ ਮਰਦ ਉਸਦਾ ਨਜਾਇਜ਼ ਫ਼ਾਇਦਾ ਚੁੱਕ ਸਕਦਾ ਹੈ। ਪਰ ਕਵਿੱਤਰੀ ਭਾਵਨਾਵਾਂ ਦੇ ਵਹਿਣ ਵਿਚ ਵਹਿਣਾ ਨਹੀਂ ਚਾਹੁੰਦੀ। ਉਹ ਸੋਚ ਵਿਚਾਰ ਕੇ ਕੋਈ ਫ਼ੈਸਲਾ ਲੈਣਾ ਚਾਹੁੰਦੀ ਹੈ। ਉਹ ਅੱਖ ਨੂੰ ਪਛਾਣਦੇ ਹੋਏ ਰੂਹ ਦੇ ਵਿਹੜੇ ਵਿਚ ਉਤਰਨਾ ਚਾਹੁੰਦੀ ਹੈ ਅਤੇ ਸੱਚੇ ਪਿਆਰ ਨੂੰ ਤਲਾਸ਼ਣਾ ਚਾਹੁੰਦੀ ਹੈ।

## 1.3.2 ਸੁਖਵਿੰਦਰ ਅਮ੍ਰਿਤ ਦੀ ਕਾਵਿ ਪੋਥੀ 'ਕਣੀਆਂ' ਦਾ ਵਿਸ਼ੇ ਅਤੇ ਉਦੇਸ਼

**ਪਿਤਾ ਦਾ ਚਿੱਤਰ:**

ਜਗੀਰੂ ਰੁਚੀਆਂ ਵਾਲੇ ਪਰੰਪਰਾਵਾਦੀ ਪਰਿਵਾਰ ਵਿਚ ਪਿਤਾ ਇੱਕ ਤਾਨਾਸ਼ਾਹ ਸ਼ਾਸਕ ਦੀ ਤਰ੍ਹਾਂ ਵਿਵਹਾਰ ਕਰਦਾ ਹੈ। ਪਿਤਾ ਦਾ ਜ਼ੁਲਮ ਉਦੋਂ ਹੋਰ ਵੀ ਵੱਧ ਜਾਂਦਾ ਹੈ ਜਦੋਂ ਜ਼ਿਆਦਾ ਧੀਆਂ ਦਾ ਬਾਪ ਹੋਵੇ। ਸਮਾਜ ਵਿਚ ਧੀਆਂ ਨੂੰ ਮਾਨਸਿਕ ਅਤੇ ਵਿੱਤੀ ਬੋਝ ਸਮਝਿਆ ਜਾਂਦਾ ਹੈ। ਸੁਖਵਿੰਦਰ ਨੂੰ ਅਜਿਹਾ ਪਿਤਾ ਮਿਲਿਆ ਜਿਸਦੀ ਆਮਦ ਦੇ ਨਾਲ ਮਾਂ ਕੰਬ ਜਾਂਦੀ ਅਤੇ ਧੀਆਂ ਦੇ ਦਿਲ ਇਸ ਤਰ੍ਹਾਂ

ਧੜਕਣ ਲੱਗ ਪੈਂਦੇ ਜਿਵੇਂ ਕੋਈ ਓਪਰੀ ਦੁਨੀਆਂ ਦਾ ਬੰਦਾ ਆ ਗਿਆ ਹੋਵੇ। ਉਹ 'ਪੁਰਸ਼' ਕਵਿਤਾ ਵਿਚ ਲਿਖਦੀ ਹੈ।

ਜਿਸ ਦੀਆਂ ਦਹਿਕਦੀਆਂ ਅੱਖਾਂ ਸਾਹਵੇਂ
ਪੈ ਜਾਂਦੀ ਸੀ
ਚੁੱਲ੍ਹੇ ਦੀ ਅੱਗ ਮੱਠੀ
ਜਿਸ ਦੀ **ਦਹਾੜ** ਸੁਣਦਿਆਂ ਹੀ
ਪੱਠੇ ਛੱਡ ਕੇ ਖੜੋ ਜਾਂਦੇ ਸਨ
ਗਊ ਦੇ ਜਾਏ
**ਤ੍ਰਭਕ** ਕੇ ਉੱਡ ਜਾਂਦੀਆਂ ਸਨ
ਡੇਕ ਤੋਂ ਨੀਂਦ ਨਾਲ ਭਰੀਆਂ ਹੋਈਆਂ ਚਿੜੀਆਂ
ਦਾਦੀ ਨੂਮ ਭੁੱਲ ਜਾਂਦਾ ਸੀ ਰਹਿਰਾਸ ਦਾ ਪਾਠ
ਕੰਬ ਕੇ ਛਲਕ ਜਾਂਦੀ ਸੀ
ਵੀਰੇ ਦੇ ਹੱਥ 'ਚ
ਦੁੱਧ ਵਾਲੀ ਗਲਾਸੀ
ਮਾਂ ਦੇ ਹੱਥ 'ਚ ਛੁੱਟ ਜਾਂਦਾ ਸੀ
ਆਟੇ ਦਾ ਪੇੜਾਂ
ਤੇ ਦਰਵਾਜ਼ਿਆਂ ਪਿੱਛੇ ਲੁੱਕ ਜਾਂਦੀਆਂ ਸਨ
ਛੋਟੀਆਂ ਭੈਣਾਂ
ਹਾਂ ਮੈਂ ਉਸ ਪੁਰਸ਼ ਦੀ ਗੱਲ ਕਰ ਰਹੀ ਹਾਂ
ਜਿਸ ਦੀ ਛੱਤਰ ਛਾਇਆ ਥੱਲੇ
ਚੜ੍ਹੀ ਸੀ ਮੈਨੂੰ ਮੈਲੀ ਜਿਹੀ ਬੁੱਕਲ ਵਿਚ ਲਿਪਟੀ
ਸਹਿਮੀ ਜਿਹੀ ਜਵਾਨੀ

**ਮਾਂ ਦਾ ਚਿਤਰਣ:**

ਅਮ੍ਰਿਤ ਦਾ ਸਾਰਾ ਬਚਪਨ ਪਿਤਾ ਦੇ ਦਬਦਬੇ ਵਾਲੇ ਮਹੌਲ ਵਿਚ ਬੀਤਿਆ। ਉਹ ਮਾਂ ਦੇ ਰੂਪ ਵਿਚ ਡਰੀ ਤੇ ਸਹਿਮੀ ਹੋਈ ਔਰਤ ਦੇ ਅਕਸ ਨੂੰ ਦੇਖ ਦੇਖ ਵੱਡੀ ਹੋਈ। ਮਾਂ ਦੀ ਤਰਸਯੋਗ ਹਾਲਤ ਨੇ ਉਸ ਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ। ਕਦੀ ਉਸ ਦੀ ਮਾਂ ਦੀਆਂ ਅੱਖਾਂ ਵਿਚ ਸੁਫਨੇ ਸਨ ਪਰ ਸ਼ਰਾਬੀ ਪਿਉ ਨੇ ਉਸਦੀਆਂ ਸਾਰੀਆਂ ਸਧਰਾਂ ਨੂੰ ਸੁਆਹ ਕਰ ਦਿੱਤਾ।

ਹੁਣ ਮਾਂ ਬੁੱਢੀ ਹੋ ਗਈ ਹੈ
ਐਨਕ ਦੇ ਮੋਟੇ ਸ਼ੀਸ਼ਿਆਂ ਪਿੱਛੇ
ਲੁਕੋ ਲਈਆਂ ਹਨ
ਉਸ ਨੇ ਆਪਣੀਆਂ ਸੁਪਨਹੀਣ ਅੱਖਾਂ
ਪਤਾ ਨਹੀਂ ਕਿਉਂ
ਅੱਜ ਮੈਨੂੰ ਮਾਂ ਦੀ ਜਵਾਨੀ
ਬਹੁਤ ਯਾਦ ਆ ਰਹੀ ਹੈ.....
ਲੰਮੀ ਗੁੱਤ ਗੁੰਦਦੀ ਮਾਂ
ਮਾਂ ਦਾ ਨੀਲਾ ਮੋਤੀਆਂ ਵਾਲਾ ਸੂਟ ਤਿੱਲੇ ਵਾਲੀ ਜੁੱਤੀ
ਤੇ ਛਣ ਛਣ ਕਰਦੀਆਂ ਝਾਂਜਰਾਂ
ਯਾਦ ਆ ਰਹੀ ਹੈ
ਸ਼ਰਾਬੀ ਪਿਉ ਦੇ ਲਲਕਾਰਿਆਂ ਤੋਂ ਸਹਿਮੀ
ਮਲੂਕ ਜਿਹੀ ਮਾਂ..

**ਨਾਰੀਵਾਦ:**

ਲਗਭਗ ਹਰ ਕਵਿੱਤਰੀ ਆਪਣੀਆਂ ਰਚਨਾਵਾਂ ਵਿਚ ਔਰਤ ਉੱਤੇ ਕੀਤੇ ਜਾ ਰਹੇ ਜਬਰ-ਜ਼ੁਲਮ, ਬਲੀਦਾਨ, ਸੰਘਰਸ਼ ਨੂੰ ਆਪਣਾ ਖੇਤਰ ਜ਼ਰੂਰ ਬਣਾਉਂਦੀ ਹੈ। ਸੁਖਵਿੰਦਰ ਅਮ੍ਰਿਤ ਵੀ ਇਕ ਸੰਵੇਦਨਸ਼ੀਲ ਨਾਰੀ ਕਵਿੱਤਰੀ ਹੈ ਜਿਸਨੇ ਨਾ ਕੇਵਲ ਨਾਰੀ ਉੱਤੇ ਹੋ ਰਹੇ ਅਤਿਆਚਾਰ ਨੂੰ ਆਪਣੀਆਂ

ਕਵਿਤਾਵਾਂ ਵਿਚ ਚਿੱਤਰਿਆ ਹੈ ਸਗੋਂ ਉਸ ਅੰਦਰ ਸ਼ਕਤੀ ਦੇ ਅਥਾਹ ਸਮੁੰਦਰ ਨੂੰ ਵੀ ਉਭਾਰਿਆ ਹੈ। ਉਹ ਨਾਰੀ ਨੂੰ ਮਿੱਟੀ,ਅੱਗ,ਪੌਣ ਦੇ ਪ੍ਰਤੀਕ ਨਾਲ ਨਵਾਜ਼ਦੀ ਹੈ ਜਿਸਨੂੰ ਕੋਈ ਸੀਮਾ ਬੰਨ ਨਹੀਂ ਸਕਦੀ।ਕਵਿੱਤਰੀ ਅਨੁਸਾਰ ਪ੍ਰਕਿਰਤੀ ਰੂਪੀ ਸ਼ਕਤੀ ਸਾਰੇ ਬੰਧਨਾਂ ਨੂੰ ਕੱਟਣ ਵਿਚ ਪੂਰੀ ਤਰ੍ਹਾਂ ਸਮਰੱਥ ਹੈ।

ਮੈਂ ਕੇਵਲ ਮਿੱਟੀ ਨਹੀਂ
ਕਿ ਤੁਹਾਡੇ ਲਾਏ ਹੋਏ ਰੁੱਖਾਂ ਦੀਆਂ ਜੜ੍ਹਾਂ ਨੂੰ
ਘੁੱਟ ਕੇ ਫੜੀ ਰੱਖਾਂ
ਤੁਹਾਡੇ ਸੁਰਖਿਅਤ ਭਵਿੱਖ ਦੀ
ਜਿੰਮੇਵਾਰੀ ਚੁੱਕਾਂ
ਜੇ ਤੁਸੀਂ ਮੈਨੂੰ ਨੀਵੀਂ ਸਮਝ ਕੇ
ਤ੍ਰਿਸਕਾਰ ਨਾਲ ਮਿੱਧਦੇ ਰਹੋ
ਮੈਂ ਅੱਗ ਵੀ ਹਾਂ
ਤੇ ਪੌਣ ਵੀ
ਮੇਰਾ ਰਿਸ਼ਤਾ ਅਕਾਸ਼ ਨਾਲ ਵੀ ਹੈ
ਤੇ ਸਮੁੰਦਰ ਨਾਲ ਵੀ
ਤੁਸੀਂ ਜੇ ਮੇਰੇ ਪੈਰ ਕੱਟ ਦਿਉਗੇ
ਤਾਂ ਵੀ ਮੈਂ ਤੁਰ ਜਾਵਾਂਗੀ
ਤੁਸੀਂ ਜੇ ਮੇਰੇ ਖੰਬ ਨੋਚ ਲਉਗੇ
ਤਾਂ ਵੀ ਮੈਂ ਉੱਡ ਜਾਵਾਂਗੀ।

**ਸੰਘਰਸ਼ :**

ਸੁਖਵਿੰਦਰ ਅਮ੍ਰਿਤ ਜੀਵਨ ਦੇ ਤਲਖ਼ ਅਨੁਭਵ ਵਿਚੋਂ ਵੀ ਆਸ਼ਾਵਾਦੀ ਨਜ਼ਰੀਆ ਸਿਰਜਦੀ ਹੈ।ਕਵਿੱਤਰੀ ਅਨੁਸਾਰ ਔਕੜਾਂ ਭਰੇ ਸਮੇਂ ਵਿਚ ਵੀ ਸੰਘਰਸ਼ ਦਾ ਰਸਤਾ ਨਹੀਂ ਛੱਡਣਾ ਚਾਹੀਦਾ।ਕੰਡਿਆਲੇ ਰਾਹ ਤੇ ਤੁਰਦਿਆਂ-ਤੁਰਦਿਆਂ ਆਖ਼ਿਰਕਾਰ ਫੁੱਲਾਂ ਭਰੀ ਮੰਜਿਲ ਮਿਲ ਹੀ

ਜਾਂਦੀ ਹੈ। ਕਵਿਤਾ ਵਿਚ ਸੁਖਵਿੰਦਰ ਅਮ੍ਰਿਤ ਉਸ ਅਡੋਲਤਾ ਨੂੰ ਬਿਆਨ ਕਰ ਰਹੀ ਹੈ ਜਿਸ ਦੇ ਅੱਗੇ ਮੌਤ ਨੇ ਹਥਿਆਰ ਸੁੱਟ ਦਿੱਤੇ ਅਤੇ ਜੀਵਨ ਨੇ ਉਸਦੇ ਕਦਮਾਂ ਦੀ ਰਫ਼ਤਾਰ ਨੂੰ ਤੇਜ਼ ਕਰ ਦਿੱਤਾ।

ਵੇਖ ਕੇ ਮੇਰੀ ਅਡੋਲਤਾ
ਸੁੱਟ ਦਿੱਤੇ ਮੇਰੀ ਮੌਤ ਨੇ ਆਪਣੇ ਹਥਿਆਰ
ਮੇਰੇ ਸੀਨੇ 'ਚ ਧੜਕ ਉੱਠਿਆ ਜੀਵਨ
ਮੇਰੇ ਕਦਮਾਂ 'ਚ ਮਚਲ ਪਈ ਰਫ਼ਤਾਰ
ਪਿਘਲ ਗਈਆਂ ਮੇਰੇ ਪੈਰਾਂ ਵਿਚਲੀਆਂ ਬੇੜੀਆਂ
ਸਾਹ ਸਤ-ਹੀਣ ਹੋ ਗਈ ਬੇਬਸੀ ਦੀ ਤਲਵਾਰ
ਸ਼ਰਮਸਾਰ ਹੋ ਗਈਆਂ ਦੀਵਾਰਾਂ
ਪਾਣੀ-ਪਾਣੀ ਹੋ ਗਏ **ਅੰਗਿਆਰ**
ਤੇ ਫੁੱਟ ਪਈ
ਬੰਜਰ **ਵੀਰਾਨ** ਪਲਾਂ 'ਚ
ਜਿੰਦਗੀ ਦੇ ਚਸ਼ਮੇ ਦੀ ਨਿਰਮਲ ਧਾਰ
ਜਿਸ ਨੂੰ ਮੈਂ ਤੇ ਮੇਰੀ ਕਵਿਤਾ ਨੇ ਅਮ੍ਰਿਤ ਵਾਂਗ ਪੀਤਾ ਸੀ
ਮੈਂ **ਆਤਮਘਾਤ** ਨਹੀਂ ਕੀਤਾ ਸੀ
ਮੈਂ ਆਤਮਘਾਤ ਨਹੀਂ ਕੀਤਾ ਸੀ
ਤੁਸੀਂ ਵੀ ਆਤਮਘਾਤ ਨਾ ਕਰਨਾ
ਮੈਂ ਮੌਤ ਨਾਲ ਖਹਿ ਕੇ
ਜਿੰਦਗੀ ਨੂੰ ਪ੍ਰਾਪਤ ਕੀਤਾ

### ਕਵਿਤਾ ਦੀ ਚੇਟਕ:

ਇਹ ਇੱਕ ਮਨੋਵਿਗਿਆਨਕ ਸੱਚ ਹੈ ਕਿ ਕਿਸੇ ਪ੍ਰਕਾਰ ਦੀ ਰੋਕ ਮਨੁੱਖ ਅੰਦਰ ਵਧੇਰੇ ਖਿੱਚ ਪੈਦਾ ਕਰਦੀ ਹੈ। ਸੁਖਵਿੰਦਰ ਅਮ੍ਰਿਤ ਨੂੰ ਮਾਂ ਨੇ ਗੀਤਕਾਰੀ ਕਰਨ ਤੋਂ ਰੋਕਿਆ। ਉਸ ਦੀਆਂ ਕਵਿਤਾਵਾਂ

ਨੂੰ ਅਗਨ ਭੇਟ ਕਰ ਦਿੱਤਾ ਗਿਆ ਪਰ ਕਵਿਤਾ ਨਾਲ ਉਸਦਾ ਪਿਆਰ ਹੋਰ ਵੀ ਡੂੰਘਾ ਹੁੰਦਾ ਗਿਆ। ਕਵਿਤਾ ਨਾਲ ਅਥਾਹ ਪਿਆਰ ਉਹ ਖ਼ੁਦ ਮਹਿਸੂਸ ਕਰਦੀ ਹੈ ;

ਕਵਿਤਾ ਹੁੰਦੀ ਹੈ ਹਰ ਥਾਂ
ਰਿਸ਼ਤਿਆਂ ਵਿਚ, ਇਕਲਾਪੇ ਵਿਚ
ਸੰਯੋਗ ਵਿਚ, ਵਿਛੋੜੇ ਵਿਚ
ਜਿਸਮਾਂ ਵਿਚ, ਰੂਹਾਂ ਵਿਚ
ਹਾਂ, ਕਵਿਤਾ ਹੁੰਦੀ ਹੈ ਹਰ ਥਾਂ ਹਾਜ਼ਿਰ
ਗੈਰ ਹਾਜ਼ਿਰ ਹੁੰਦਾ ਹੈ ਸਿਰਫ਼ ਕਵੀ

**ਪਿਆਰ ਅਤੇ ਵਸਲ**

ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਵਿਚ ਔਰਤ-ਮਰਦ ਦੇ ਸੰਬੰਧਾਂ ਵਿਚ ਨਫ਼ਰਤ ਤੇ ਈਰਖਾ ਦੀ ਥਾਂ ਪਿਆਰ ਅਤੇ ਵਸਲ ਦੇ ਵਿਭਿੰਨ ਪਹਿਲੂਆਂ ਦਾ ਕਾਵਿ ਪ੍ਰਵਚਨ ਉਸਰਦਾ ਹੈ। ਉਹ ਆਪਣੀ ਕਵਿਤਾ ਵਿਚ ਜਿੱਥੇ ਔਰਤ ਦੀ ਸਥਾਪਤੀ ਅਤੇ ਹੋਂਦ ਨੂੰ ਸੁਰੱਖਿਅਤ ਰੱਖਣਾ ਚਾਹੁੰਦੀ ਹੈ ਉੱਥੇ ਮਰਦ ਦੀ ਦਾਸੀ ਦੀ ਥਾਂ ਉਸਦੀ ਮਹਿਬੂਬ ਬਣ ਕੇ ਉਸਦੀ ਪੂਜਾ ਕਰਨਾ ਲੋਚਦੀ ਹੈ ਤੇ ਉਸ ਉੱਪਰ ਆਪਣਾ ਆਪਾ ਕੁਰਬਾਨ ਕਰਨ ਲਈ ਤਿਆਰ ਹੈ।

ਮਹਿਬੂਬ ਦੇ ਇਸ਼ਾਰਿਆਂ ਤੇ ਨਚਦਿਆਂ
ਗ਼ੁਲਾਮੀ ਦਾ ਖ਼ਿਆਲ ਤਕ ਨਹੀਂ ਆਉਂਦਾ
ਮੁਹੱਬਤ ਦੀ ਜ਼ੰਜੀਰ ਵਿਚ ਜਕੜਿਆਂ ਨੂੰ
ਹਰ ਅਜ਼ਾਦੀ ਪੈਰਾਂ ਵਿਚ ਦਿਸਦੀ ਹੈ
ਮਹਿਬੂਬ ਦੇ **ਵਿਯੋਗ** ਵਿਚ
ਵਰਸਦਾ ਹੈ ਜੋ ਹੰਝੂ
ਉਸ ਵਿਚ ਡੁੱਬ ਕੇ ਮਰ ਜਾਂਦੀ ਹੈ ਹਰ ਖੁਸ਼ੀ

ਮੁਹੱਬਤ ਦੇ ਰੌ ਵਿਚ ਕਵਿੱਤਰੀ ਅਪਣੇ ਮਹਿਬੂਬ ਪ੍ਰਤੀ ਸਭ ਕੁਝ ਲੁਟਾ ਦੇਣਾ ਚਾਹੁੰਦੀ ਹੈ। ਉਹ ਉਸ ਵਿਚ ਡੁੱਬ ਕੇ ਸਾਰੇ ਦੁੱਖ-ਦਰਦ ਭੁਲਾ ਦੇਣਾ ਚਾਹੁੰਦੀ ਹੈ। ਉਸ ਅਨੁਸਾਰ ਔਰਤ ਪਿਆਰ ਦਾ ਪ੍ਰਤੀਕ ਹੈ। ਉਹ ਆਪਣੀ ਕਵਿਤਾ ਮੁਕਤੀ ਵਿਚ ਲਿਖਦੀ ਹੈ :

ਮੁਕਤੀ

ਪਤਾ ਨਹੀਂ

ਤੇਰੀਆਂ ਅੱਖਾਂ 'ਚ

ਖੁਰ ਗਈ ਹਾਂ

ਜਾਂ

ਤੇਰਿਆਂ ਹੱਥਾਂ 'ਚ

ਭੁਰ ਗਈ ਹਾਂ

ਬਸ ਮੁਕਤ ਹੋ ਗਈ ਹਾਂ

ਆਪੇ ਤੋਂ

**ਪਰੰਪਰਾਵਾਂ ਪ੍ਰਤੀ ਵਿਦਰੋਹ :**

ਸਮਾਜ ਉਸੇ ਔਰਤ ਨੂੰ ਪ੍ਰਵਾਨਗੀ ਦਿੰਦਾ ਹੈ ਜੋ ਆਪੇ ਦੀ ਪ੍ਰਵਾਹ ਕੀਤੇ ਬਿਨਾਂ ਸਮਾਜਿਕ ਸੱਭਿਆਚਾਰਕ ਪਰੰਪਰਾਵਾਂ ਨੂੰ ਨਿਭਾਉਂਦੀ ਹੈ। ਪਰ ਕਵਿੱਤਰੀ ਉਸ ਸਥਿਤੀ ਪ੍ਰਤੀ ਬਗਾਵਤ ਕਰ ਦਿੰਦੀ ਹੈ ਜਿੱਥੇ ਪਰੰਪਰਾਵਾਂ ਇਸਤਰੀ ਦੀ ਹੋਂਦ ਉੱਤੇ ਪ੍ਰਸ਼ਨ ਚਿੰਨ੍ਹ ਲਗਾ ਦਿੰਦੀਆਂ ਹਨ।

ਮੈਂ ਤੋੜ ਦਿੱਤੀਆਂ ਉਹ ਦੀਵਾਰਾਂ

ਜਿਨ੍ਹਾਂ ਪਿੱਛੇ

ਮੇਰੀ ਆਤਮਾ ਦਾ ਦਮ ਘੁੱਟਦਾ ਸੀ

ਮੈਂ ਭੰਨ ਦਿੱਤੀ ਉਹ **ਵਲਗਣ**

ਜਿਸ ਪਿੱਛੇ

ਮੇਰੇ ਸੁਪਨਿਆਂ ਦਾ ਸਾਹ ਟੁੱਟਦਾ ਸੀ

ਮੈਂ ਟੁੱਟ ਪਈ

ਉਹਨਾਂ ਸਾਜ਼ਿਸ਼ਾਂ 'ਤੇ

ਜੋ ਮੈਨੂੰ ਕਬਰ ਦਾ ਰਾਹ ਦੱਸਦੀਆਂ ਸਨ।

### 1.3.3 ਸੁਖਵਿੰਦਰ ਅਮ੍ਰਿਤ ਦੀ ਕਾਵਿ ਪੋਥੀ 'ਕਣੀਆਂ" ਦੀ ਸਾਹਿੱਤਕ ਅਲੋਚਨਾ

**ਵਿਸ਼ਾ ਪੱਖ**

ਸੁਖਵਿੰਦਰ ਅੰਮ੍ਰਿਤ ਦਾ ਸਾਰਾ ਜੀਵਨ ਸੰਘਰਸ਼ਮਈ ਰਿਹਾ। ਆਪਣੀ ਇਸ ਸੰਘਰਸ਼ਮਈ ਜੀਵਨ ਯਾਤਰਾ ਦੌਰਾਨ ਉਸਨੂੰ ਰਿਸ਼ਤਿਆਂ, ਮੁਹੱਬਤ, ਨਾਰੀ ਅਤੇ ਪੁਰਸ਼ ਪ੍ਰਤੀ ਕਈ ਤਰ੍ਹਾਂ ਦੇ ਤਜਰਬੇ ਰਹੇ। ਇਨ੍ਹਾਂ ਸਾਰੇ ਤਜਰਬਿਆਂ ਦਾ ਲੇਖਾ ਉਨ੍ਹਾਂ ਦੀ ਕਾਵਿ ਪੋਥੀ ਕਣੀਆਂ ਵਿਚ ਪ੍ਰਾਪਤ ਹੁੰਦਾ ਹੈ। ਕਵਿੱਤਰੀ ਦੀ ਕਾਵਿ ਪੋਥੀ ਉਸਦੀ ਕਵਿਤਾ ਪ੍ਰਤੀ ਪਿਆਰ ਅਤੇ ਚੇਟਕ ਤੋਂ ਸ਼ੁਰੂ ਹੁੰਦੀ ਹੈ ਅਤੇ ਫਿਰ ਪਿਤਾ, ਮਾਤਾ, ਆਪਣੇ ਸਵੈ ਸੰਘਰਸ਼ ਦਾ ਬਿਉਰਾ ਦਿੰਦੇ ਹੋਏ ਆਸ਼ਾਵਾਦੀ ਦ੍ਰਿਸ਼ਟੀਕੋਣ ਅਤੇ ਮੁਹੱਬਤ ਵਿਚ ਮੁਕਤੀ ਦੇ ਸੁਨੇਹੇ ਨਾਲ ਸਮਾਪਤ ਹੁੰਦੀ ਹੈ। ਉਹ ਪੁਰਾਣੀਆਂ ਪਰੰਪਰਾਵਾਂ ਜੋ ਔਰਤ ਦਾ ਤਿਰਸਕਾਰ ਕਰਦੀਆਂ ਹਨ ਉਨ੍ਹਾਂ ਨੂੰ ਵੰਗਾਰਦੀ ਵੀ ਨਜ਼ਰ ਆਉਂਦੀ ਹੈ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਔਰਤ ਪ੍ਰਤੀ ਹੋ ਰਹੇ ਅਨ੍ਹਿਆਂ ਬਾਰੇ ਸਜਗ ਕਰਦੀ ਹੋਈ ਵੀ। ਕਣੀਆਂ ਦੀਆਂ ਕਵਿਤਾਵਾਂ ਮਾਨਵੀ ਰਿਸ਼ਤਿਆਂ ਦਾ ਤਾਣਾ-ਬਾਣਾ ਹਨ ਉਹ ਚਾਹੇ ਖ਼ੂਨ ਦੇ ਰਿਸ਼ਤੇ ਹੋਣ, ਸਮਾਜ ਵੱਲੋਂ ਮਾਨਤਾ ਪ੍ਰਾਪਤ ਹੋਣ ਜਾਂ ਸਮਾਜ ਵਿਰੋਧੀ ਹੋਣ। ਇਨ੍ਹਾਂ ਰਿਸ਼ਤਿਆਂ 'ਚ ਜੇਤੂ ਹੋਣ ਲਈ ਸੁਖਵਿੰਦਰ ਅਮ੍ਰਿਤ ਇੱਕ ਸਕਾਰਾਤਮਕ ਸੰਘਰਸ਼ ਲਈ ਪ੍ਰੇਰਿਤ ਕਰਦੀ ਹੈ।

ਖ਼ੁਦਾ ਦਾ ਰਹਿਮ ਹੈ

ਕਿ ਮੇਰੇ ਪੈਰ ਸਲਾਮਤ ਨੇ

ਮੇਰੇ ਸਫ਼ਰ ਵਾਸਤੇ

ਮੈਨੂੰ ਬੈਸਾਖੀਆਂ ਦੀ ਜ਼ਰੂਰਤ ਨਹੀਂ

**ਆਸ਼ਾਵਾਦੀ ਸਿਧਾਂਤ :**

ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਸਮਾਜ ਨੂੰ ਆਸ਼ਾਵਾਦੀ ਅਤੇ ਸੰਘਰਸ਼ਮਈ ਹੋਣ ਦਾ ਸੁਨੇਹਾ ਦਿੰਦੀ ਨਜ਼ਰ ਆਉਂਦੀ ਹੈ। ਉਨ੍ਹਾਂ ਦੀ ਰਚਨਾ ਦੀਆਂ ਕਈ ਕਵਿਤਾਵਾਂ ਆਤਮ ਸਨਮਾਨ, ਆਸ਼ਾਵਾਦ

ਅਤੇ ਹਨੇਰਿਆਂ ਨੂੰ ਹਰਾ ਕੇ ਚਾਣਨ ਤੱਕ ਪਹੁੰਚਣ ਦਾ ਸੁਨੇਹਾ ਦਿੰਦੀਆਂ ਹਨ। ਕਵਿਤਾ ਕਿਤੇ ਵੀ ਹਤਾਸ਼ਾ, ਨਿਰਾਸ਼ਾ, ਉਦਾਸੀ ਨੂੰ ਪੈਦਾ ਨਹੀਂ ਕਰਦੀ। ਜਿਵੇਂ ਉਹ ਲਿਖਦੀ ਹੈ:

ਹਨੇਰਿਆਂ ਨੂੰ ਕਹੋ
ਐਵੇਂ ਫੂਕਾਂ ਮਾਰ-ਮਾਰ
ਆਪਣੇ ਜੋਸ਼ੀਲੇ ਸਾਹਾਂ ਨੂੰ
ਜ਼ਾਇਆ ਨਾ ਕਰਨ

**ਸੰਘਰਸ਼ੀ ਸਿਧਾਂਤ:**

ਸਮੇਂ ਦੇ ਹਾਲਾਤਾਂ ਖ਼ਿਲਾਫ਼ ਮੋਰਚਾ ਖੋਲ੍ਹਣਾ ਅਤੇ ਵਿਪਰੀਤ ਪਰਿਸਥਿਤੀਆਂ ਵਿਚ ਵੀ ਆਪਣੇ ਜੋਸ਼ ਨੂੰ ਬਣਾਏ ਰੱਖਣ ਦਾ ਜਜ਼ਬਾ ਸੁਖਵਿੰਦਰ ਅੰਮ੍ਰਿਤ ਦੀ ਕਣੀਆਂ ਕਾਵਿ ਪੋਥੀ ਦਾ ਆਧਾਰ ਹੈ। ਉਨ੍ਹਾਂ ਨੇ ਆਪਣੀ ਕਵਿਤਾ 'ਫੁੱਲ', 'ਵਰਖਾ' ਅਤੇ 'ਰੌਸ਼ਨੀ' ਵਿਚ ਇਸੇ ਦਰਸ਼ਨ ਨੂੰ ਪ੍ਰਸਤੁਤ ਕੀਤਾ ਹੈ। ਸੁਖਵਿੰਦਰ ਅੰਮ੍ਰਿਤ ਦੇ ਅਨੁਸਾਰ ਚਾਹੇ ਉਹ ਮਨੁੱਖ ਦੀ ਸਫਲਤਾ ਹੋਵੇ ਜਾਂ ਕੁਦਰਤੀ ਸ਼ਕਤੀਆਂ ਦੀ ਹੋਂਦ ਕੋਈ ਵੀ ਘਾਲਣਾ ਅਤੇ ਸੰਘਰਸ਼ ਦਾ ਨਤੀਜਾ ਹੁੰਦੀ ਹੈ। ਲੋਕ ਕੇਵਲ ਅੰਤਿਮ ਸੱਚ ਨੂੰ ਦੇਖਦੇ ਹਨ, ਜੋ ਉਨ੍ਹਾਂ ਦੀਆਂ ਅੱਖਾਂ ਨਾਲ ਦਿਖਾਈ ਦਿੰਦਾ ਹੈ ਪਰ ਉਸ ਸੱਚ ਦੇ ਪਿੱਛੇ ਕਿਸੇ ਵੀ ਵਿਅਕਤੀ ਦਾ ਇੱਕ ਸੰਘਰਸ਼ਮਈ ਜੀਵਨ ਹੁੰਦਾ ਹੈ। ਬੀਜ ਦਾ ਫੁੱਲ ਬਣਨਾ, ਬੂੰਦਾਂ ਦਾ ਵਰਖਾ, ਰੌਸ਼ਨੀ ਦੇਣ ਤੋਂ ਪਹਿਲਾਂ ਮੋਮਬੱਤੀ ਦਾ ਪਿਘਲਣਾ, ਇਹ ਸਾਰੀਆਂ ਪ੍ਰਕਿਰਿਆਵਾਂ ਅੰਤਿਮ ਨਤੀਜੇ ਤੱਕ ਪਹੁੰਚਣ ਲਈ ਇੱਕ ਸੰਘਰਸ਼ ਵਿਚੋਂ ਲੰਘੀਆਂ ਹਨ।

ਉਨ੍ਹਾਂ ਨੇ ਵੇਖੀ ਹੈ
ਮੇਰੇ ਸਫ਼ਿਆਂ 'ਤੇ ਲਿਖੀ
ਸਿਰਫ਼ **ਟਹਿ ਟਹਿ** ਕਰਦੀ ਬਹਾਰ
ਨਹੀਂ ਵੇਖਿਆ ਬੀਜ ਤੋਂ ਫੁੱਲ ਤੱਕ ਦਾ
ਚੁਨੌਤੀਆਂ ਭਰਿਆ ਰਸਤਾ
ਉਨ੍ਹਾਂ ਵੇਖੀ ਹੈ
ਮੇਰੇ ਸਫ਼ਿਆਂ 'ਤੇ ਲਿਖੀ

ਸਿਰਫ਼ ਰਿਮ-ਝਿਮ ਕਰਦੀ ਵਰਖਾ
ਨਹੀਂ ਵੇਖਿਆ
ਸਮੁੰਦਰ ਦੇ ਸੀਨੇ 'ਚ
ਬੂੰਦਾਂ ਦੇ **ਕਸ਼ੀਦ** ਹੋਣ ਦਾ ਦਰਦ
ਉਨ੍ਹਾਂ ਨੇ ਵੇਖੀ ਹੈ
ਮੇਰੇ ਸਫ਼ਿਆਂ ਤੇ ਲਿਖੀ
ਸਿਰਫ਼ ਜਗ-ਮਗ ਕਰਦੀ ਰੌਸ਼ਨੀ
ਨਹੀਂ ਵੇਖਿਆ
ਬਲ ਰਹੀ ਮੋਮਬੱਤੀ ਦਾ
**ਤਿਲ ਤਿਲ ਪਿਘਲਦਾ** ਵਜੂਦ

**ਯਥਾਰਥਕ ਪੱਖ:**

ਸੁਰਿੰਦਰ ਅੰਮ੍ਰਿਤ ਦੀਆਂ ਕਵਿਤਾਵਾਂ ਉਨ੍ਹਾਂ ਦੇ ਸੰਘਰਸ਼ ਅਤੇ ਰਿਸ਼ਤਿਆਂ ਦੇ ਤਜਰਬੇ ਵਿਚੋਂ ਜਨਮੀਆਂ ਹਨ ਇਸ ਕਾਰਨ ਇਨ੍ਹਾਂ ਵਿਚ ਜੀਵਨ ਦੀ ਕੌੜੀ ਸੱਚਾਈ ਅਕਸਰ ਵੇਖਣ ਨੂੰ ਮਿਲ ਜਾਂਦੀ ਹੈ। ਅੰਮ੍ਰਿਤ ਨੂੰ ਨਾ ਕੇਵਲ ਆਪਣੇ ਪਿਉ ਦੇ ਅੜਬਪਣ ਉੱਤੇ ਗੁੱਸਾ ਹੈ ਉਹ ਆਪਣੀ ਮਾਂ ਦੇ ਕਮਜ਼ੋਰ ਹੋਣ ਉੱਪਰ ਵੀ ਨਰਾਜ਼ ਹੈ। ਉਹ ਮਾਂ-ਪਿਉ ਦਾ ਕੇਵਲ ਆਦਰਸ਼ਕ ਚਿੱਤਰ ਨਹੀਂ ਖਿੱਚਦੀ। ਉਹ ਭਾਵੁਕ ਨਹੀਂ ਹੋਣਾ ਚਾਹੁੰਦੀ ਜ਼ਿੰਦਗੀ ਦੀ ਹਕੀਕਤ ਦਾ ਸਾਹਮਣਾ ਕਰਨਾ ਲੋਚਦੀ ਹੈ। ਉਹ ਸਮਾਜਕ ਰਿਸ਼ਤੇ ਨੂੰ ਪਿਆਰ ਵਿਹੂਣਾ ਹੋਣ ਕਰਕੇ ਕਾਲਾ ਬੱਦਲ ਕਹਿੰਦੀ ਹੈ ਅਤੇ ਪਿਆਰ ਨੂੰ ਚੰਨ ਦਾ ਟੋਟਾ। ਉਹ ਸਮਾਜ ਦੀ ਹਕੀਕਤ ਪ੍ਰਤੀ ਆਪਣੀ ਬੱਚੀ ਨੂੰ ਸੁਚੇਤ ਕਰਨਾ ਚਾਹੁੰਦੀ ਹੈ। ਉਹ ਤਿਆਗੀ ਰੁਕਮਣੀ, ਯਸ਼ੋਧਰਾ, ਸ਼ਕੁੰਤਲਾ ਨਹੀਂ, ਸਗੋਂ ਆਪਣੇ ਪਿਆਰ ਨੂੰ ਹਾਸਿਲ ਕਰਨ ਵਾਲੀ ਸੋਹਣੀ, ਸੁੰਦਰਾਂ ਅਤੇ ਹੀਰ ਬਣਨਾ ਚਾਹੁੰਦੀ ਹੈ। ਉਹ ਯਥਾਰਥ ਵਿਚ ਜੀਣਾ ਚਾਹੁੰਦੀ ਹੈ ਕਲਪਨਾ ਵਿਚ ਨਹੀਂ।

**ਭਾਸ਼ਾ ਪੱਖ :**

ਕਵਿਤਾ ਦੀ ਭਾਸ਼ਾ ਤੋਂ ਕਿਸੇ ਕਵੀ ਜਾਂ ਕਵਿੱਤਰੀ ਦੀ ਯੋਗਤਾ ਸਾਬਿਤ ਹੁੰਦੀ ਹੈ। ਵਿਸ਼ੇ ਨੂੰ

ਰੋਚਕ ਅਤੇ ਰਸਮਈ ਭਾਸ਼ਾ ਵਿਚ ਪੇਸ਼ ਕਰਨ ਵਾਲਾ ਕਵੀ ਪਾਠਕ ਦੇ ਮਨ ਦੀਆਂ ਗਹਿਰਾਈਆਂ ਤੱਕ ਉਤਰ ਜਾਂਦਾ ਹੈ।ਖੁਲ੍ਹੀ ਕਵਿਤਾ ਲਿਖਣ ਵਾਲੇ ਕਵੀਆਂ ਅਤੇ ਕਵਿੱਤਰੀਆਂ ਵਿਚ ਇਸ ਗੁਣ ਨੂੰ ਨਿਭਾਉਣਾ ਕਾਫ਼ੀ ਚੁਨੌਤੀਪੂਰਣ ਹੁੰਦਾ ਹੈ।ਸੁਖਵਿੰਦਰ ਅੰਮ੍ਰਿਤ ਇਸ ਸੰਬੰਧ ਵਿਚ ਇੱਕ ਨਿਪੁੰਨ ਕਵਿੱਤਰੀ ਸਾਬਿਤ ਹੋ ਰਹੀ ਹੈ।ਕਵਿੱਤਰੀ ਦੀ ਭਾਸ਼ਾ ਵਿਚ ਸਪਸ਼ਟਤਾ ਹੈ, ਉਸਦੀ ਸ਼ੈਲੀ ਵਿਸ਼ੇ ਦੇ ਅਨੁਕੂਲ ਹੈ।ਸ਼ਬਦਾਂ ਦੀ ਚੋਣ ਬਹੁਤ ਧਿਆਨ ਨਾਲ ਕੀਤੀ ਗਈ ਹੈ ਅਤੇ ਫ਼ਾਲਤੂ ਅਤੇ ਬੋਰੀਅਤ ਪੈਦਾ ਕਰਨ ਵਾਲੇ ਸ਼ਬਦ ਕਿਤੇ ਵੀ ਇਸਤੇਮਾਲ ਨਹੀਂ ਕੀਤੇ ਗਏ ਹਨ। ਸ਼ਬਦਾਂ ਦੀ ਚੋਣ ਰਿਸ਼ਤਿਆਂ ਦੇ ਗਹਿਰੇਪਣ ਨੂੰ ਉਜਾਗਰ ਕਰਦੀ ਹੈ। ਸ਼ਬਦ ਪਾਤਰਾਂ ਅਤੇ ਵਿਸ਼ੇ ਉੱਤੇ ਪੂਰੀ ਤਰ੍ਹਾਂ ਫ਼ਿਟ ਬੈਠਦੇ ਹਨ।

ਫੇਰ ਇੱਕ ਦਿਨ
ਕਾਲਾ ਬੱਦਲ
ਸਿਹਰੇ ਬੰਨ ਕੇ ਢੁਕਿਆ
ਚੰਨ ਦਾ ਟੋਟਾ ਖੁਰ ਗਿਆ
ਸੁਲਫ਼ੇ ਦੀ ਲਾਟ ਬੁਝ ਗਈ

ਇਸ ਵਿਚ ਕਾਲਾ ਬੱਦਲ ਸਮਾਜਕ ਰਿਸ਼ਤਾ, ਚੰਨ ਪਿਆਰ ਦਾ ਰਿਸ਼ਤਾ ਤੇ ਸੁਲਫ਼ੇ ਦੀ ਲਾਟ ਉਸ ਚੰਨ ਨੂੰ ਪਿਆਰ ਕਰਨ ਵਾਲੀ ਪ੍ਰੇਮਿਕਾ ਹੈ। ਕਵਿੱਤਰੀ ਬਹੁਤ ਢੁਕਵੇਂ ਬਿੰਬਾਂ ਨਾਲ ਡੂੰਘੇ ਜਜ਼ਬਾਤਾਂ ਦਾ ਪ੍ਰਗਟਾਵਾ ਕਰ ਦਿੰਦੀ ਹੈ।ਕਵਿੱਤਰੀ ਦੀ ਭਾਸ਼ਾ ਵਿਚੋਂ ਪਾਠਕ ਨੂੰ ਰਸ ਦੀ ਪ੍ਰਾਪਤੀ ਹੁੰਦੀ ਹੈ।

**ਅਰਥ ਪੱਖ :**

ਸੁਖਵਿੰਦਰ ਅਮ੍ਰਿਤ ਦੀ ਕਵਿਤਾ ਵਿਚ ਇਸਤੇਮਾਲ ਕੀਤੇ ਸ਼ਬਦ ਬਹੁਤ ਡੂੰਘੇ ਅਰਥਾਂ ਦਾ ਬੋਧ ਕਰਵਾ ਜਾਂਦੇ ਹਨ। ਅਮ੍ਰਿਤ ਲਿਖਦੀ ਹੈ:

ਮੈਂ ਕੇਵਲ ਮਿੱਟੀ ਨਹੀਂ......ਮੈਂ ਅੱਗ ਵੀ ਹਾਂ ਤੇ ਪੌਣ ਵੀ

ਇਹ ਕਵਿਤਾ ਵਿਚਲੀ "ਮੈਂ" ਔਰਤ ਹੈ ਜਿਸਨੂੰ ਧਰਮ ਗ੍ਰੰਥਾਂ ਵਿਚ ਪ੍ਰਕਿਰਤੀ ਕਿਹਾ ਜਾਂਦਾ ਹੈ ਅਤੇ ਜੋ ਕੁਦਰਤ ਦੀ ਸਾਰੀ ਊਰਜਾ ਦਾ ਸ੍ਰੋਤ ਹੈ। ਇਸੇ ਤਰ੍ਹਾਂ ਉਸਦੀ ਕਵਿਤਾ :

ਉਹ ਰੁੱਖ

ਜਿੰਨ੍ਹਾਂ ਨੂੰ

ਮਾਰੂਥਲ ਵਿਚ

**ਮੌਲਣ** ਦੀ ਆਦਤ ਹੋ ਜਾਵੇ

**ਔੜਾਂ** ਵਿਚ ਨਹੀਂ ਸੁੱਕਦੇ

ਕਵਿੱਤਰੀ ਪ੍ਰਕਿਰਤੀ ਅਤੇ ਜਲਵਾਯੂ ਦੀ ਮਹੀਨਤਾ ਨੂੰ ਸਮਝਦੀ ਹੈ। ਖੁਸ਼ਕ ਰੁੱਤ ਵਿਚ ਅਕਸਰ ਰੁੱਖ ਆਪਣੇ ਪੱਤਿਆਂ ਨੂੰ ਪਾਣੀ ਦੀ ਕਮੀ ਕਰਕੇ ਝਾੜ ਦਿੰਦੇ ਹਨ ਪਰ ਖੁਸ਼ਕ ਖੇਤਰਾਂ ਵਿਚ ਹੋਣ ਵਾਲੇ ਰੁੱਖਾਂ ਉੱਤੇ ਵਰਖਾ ਦੇ ਨਾ ਹੋਣ ਦਾ ਅਸਰ ਨਹੀਂ ਪੈਂਦਾ। ਕਵਿੱਤਰੀ ਜੀਵਨ ਦੇ ਸੰਘਰਸ਼ ਨੂੰ ਖ਼ੂਬਸੂਰਤੀ ਨਾਲ ਪ੍ਰਸਤੁਤ ਕਰ ਰਹੀ ਹੈ।

**ਬਿੰਬ:**

ਕਾਵਿ ਕਲਾ ਵਿਚ ਬਿੰਬਾਂ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਬਿੰਬ ਸਾਡੀਆਂ ਇੰਦਰੀਆਂ ਦੁਆਰਾ ਗ੍ਰਹਿਣ ਕੀਤੀਆਂ ਸੰਵੇਦਨਾਵਾਂ ਦਾ ਚਿੱਤਰ ਹੁੰਦਾ ਹੈ। ਕਵੀ ਦੀ ਕਲਪਨਾ ਬਿੰਬ ਰਾਹੀਂ ਪਾਠਕ ਦੀਆਂ ਅੱਖਾਂ ਸਾਹਮਣੇ ਘੁੰਮਣ ਲੱਗ ਜਾਂਦੀ ਹੈ। ਸੁਖਵਿੰਦਰ ਅਮ੍ਰਿਤ ਨੇ ਆਪਣੀ ਕਵਿਤਾ ਵਿਚ ਬਹੁਤ ਹੀ ਸਫਲਤਾਪੂਰਵਕ ਬਿੰਬ ਕਲਾ ਦਾ ਇਸਤੇਮਾਲ ਕੀਤਾ ਹੈ। ਉਸਦੀ ਬਿੰਬ ਕਲਾ ਸੁਭਾਵਿਕ ਪ੍ਰਤੀਤ ਹੁੰਦੀ ਹੈ ਉਸ ਲਈ ਉਸਨੂੰ ਕਿਸੇ ਉਚੇਚ ਦੀ ਲੋੜ ਨਹੀਂ ਪੈਂਦੀ। ਉਸਦੀ ਕਵਿਤਾ ਕਿਸੇ ਦ੍ਰਿਸ਼, ਅਵਾਜ਼, ਗੰਧ, ਸੁਆਦ, ਸਫ਼ਰਸ਼ ਨੂੰ ਪਾਠਕ ਦੀਆਂ ਇੰਦਰੀਆਂ ਤੱਕ ਸਫਲਤਾਪਰਕ ਪਹੁੰਚਾ ਦਿੰਦੀ ਹੈ। ਪਾਠਕ ਬਹੁਤ ਡੂੰਘਾਈ ਨਾਲ ਉਸਦੀ ਕਵਿਤਾ ਨਾਲ ਇੱਕਮਿੱਕ ਹੋ ਜਾਂਦਾ ਹੈ।

ਜਿਸ ਨੂੰ ਵੇਖਦਿਆਂ

ਟੁੱਕੀ ਜਾਂਦੀ ਸੀ

ਮੇਰੇ ਦੰਦਾਂ ਥੱਲੇ ਆ ਕੇ

ਗਿੱਧੇ ਦੀ ਬੋਲੀ

ਦਮ ਤੋੜ ਜਾਂਦਾ ਸੀ

ਪੈਰਾਂ ਵਿਚ **ਮਚਲਦਾ** ਗਿੱਧਾ
ਪੈ ਜਾਂਦੀ ਸੀ
ਮੇਰੀ **ਕਿੱਕਲੀ** ਨੂੰ **ਦੰਦਲ**

ਇਸੇ ਤਰ੍ਹਾਂ

ਨਦੀ ਨੇ ਤੁਰਨ ਤੋਂ ਪਹਿਲਾਂ
ਅੱਖਾਂ ਤੇ ਪੱਟੀ ਬੰਨ੍ਹ ਲਈ
ਤੇ ਅਜ਼ਾਦ ਛੱਡ ਦਿੱਤਾ
ਪੈਰਾਂ ਨੂੰ
ਰਾਹਾਂ ਤੇ......

## ਪ੍ਰਤੀਕ:

ਪ੍ਰਤੀਕ ਵੀ ਬਿੰਬ ਦਾ ਹੀ ਇਕ ਹਿੱਸਾ ਹੈ ਪਰ ਇਹ ਬਿੰਬ ਨਾਲੋਂ ਵੱਧ ਠੋਸ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਬਿੰਬ ਦੀ ਸਥਿਤੀ ਕਵਿਤਾ ਵਿਚ ਫੈਲੀ ਹੋਈ ਹੁੰਦੀ ਹੈ ਪਰ ਪ੍ਰਤੀਕ ਠੋਸ ਰੂਪ ਨਾਲ ਕਿਸੇ ਵਸਤੂ ਦਾ ਬੋਧ ਕਰਵਾਉਂਦਾ ਹੈ। ਕਵਿਤਾ ਦੀ ਭਾਸ਼ਾ ਵਿਚ ਪ੍ਰਤੀਕ ਕਿਸੇ ਇਕ ਸ਼ਬਦ ਰਾਹੀਂ ਵਿਸ਼ਾਲ ਅਰਥਾਂ ਨੂੰ ਪੇਸ਼ ਕਰਨ ਦੇ ਸਮਰੱਥ ਹੈ। ਕਵਿਤਾ ਵਿਚ ਪ੍ਰਤੀਕ ਉਸ ਦੀ ਭਾਸ਼ਾ ਨੂੰ ਨਾ ਕੇਵਲ ਨਵੇਂ ਅਰਥ ਦਿੰਦੀ ਹੈ ਸਗੋਂ ਉਸਦੇ ਸੁਹਜ ਵਿਚ ਵੀ ਵਾਧਾ ਕਰਦੀ ਹੈ ਅਤੇ ਉਸਦਾ ਅਲੰਕਰਣ ਵੀ ਕਰਦਾ ਹੈ। ਸੁਖਵਿੰਦਰ ਅਮ੍ਰਿਤ ਨੇ ਆਪਣੀਆਂ ਕਵਿਤਾਵਾਂ ਵਿਚ ਕਈ ਪ੍ਰਕਾਰ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਔਰਤ ਲਈ ਅੱਗ, ਪੌਣ, ਮਿੱਟੀ, ਧਰਤੀ, ਨਦੀ, ਕਾਗ਼ਜ਼ ਦੀ ਗੁੱਡੀ, ਸਿੱਪ, ਮਰਦ ਲਈ ਰੁੱਖ, ਧੀ ਲਈ ਪ੍ਰਹੁਣੀ, ਪਿਤਾ ਲਈ ਕੌੜੀ ਹਵਾੜ, ਨੌਜੁਆਨ ਲੜਕੀ ਅਤੇ ਪ੍ਰੇਮਿਕਾ ਲਈ ਸਰੋਂ ਦੀ ਗੰਧਲ, ਸੁਲਫ਼ੇ ਦੀ ਲਾਟ, ਕਵਿਤਾ ਪ੍ਰੇਮੀ ਲਈ ਚੰਨ ਦਾ ਟੋਟਾ, ਪਵਿੱਤਰ ਪੰਨਾਂ, ਅਨਚਾਹੇ ਪਤੀ ਲਈ ਕਾਲਾ ਬੱਦਲ, ਜ਼ਿੰਦਗੀ ਲਈ ਚਸ਼ਮਾਂ, ਵਰਗੇ ਪ੍ਰਤੀਕਾਂ ਦਾ ਇਸਤੇਮਾਲ ਸੁਖਵਿੰਦਰ ਅਮ੍ਰਿਤ ਦੀ ਕਵਿਤਾ ਨੂੰ ਨਵੇਕਲੇ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ।

**ਰਸ ਸਿਧਾਂਤ:**

ਰਸ ਦਾ ਸ਼ਬਦੀ ਅਰਥ ਹੈ-ਸੁਆਦ। ਕਵਿਤਾ ਦੇ ਪੜ੍ਹਨ ਸੁਣਨ ਤੋਂ ਜਿਸ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਉਸਨੂੰ ਸਹਿਤ ਦੀ ਭਾਸ਼ਾ ਵਿਚ ਰਸ ਕਿਹਾ ਜਾਂਦਾ ਹੈ। ਕਵੀ ਦੇ ਰਚਨਾਤਮਕ ਅਨੁਭਵ ਅਤੇ ਪਾਠਕਾਂ ਦੇ ਅਨੁਭਵ ਵਿਚ ਜਿੰਨੀ ਜ਼ਿਆਦਾ ਸਮਾਨਤਾ ਹੋਵੇਗੀ, ਰਸ ਦਾ ਸੰਚਾਰ ਉਨੇ ਹੀ ਵਧੀਆ ਢੰਗ ਨਾਲ ਹੋਵੇਗਾ। ਪਾਠਕ ਖ਼ਾਸ ਕਰਕੇ ਇਸਤਰੀ ਪਾਠਕ ਸਹਿਜੇ ਹੀ ਸੁਖਵਿੰਦਰ ਅਮ੍ਰਿਤ ਦੇ ਸ਼ਬਦਾਂ ਨਾਲ ਏਕਾ ਸਥਾਪਿਤ ਕਰ ਲੈਂਦੀ ਹੈ। ਇਹੀ ਏਕਾ ਅਨੰਦ ਦੀ ਪ੍ਰਾਪਤੀ ਹੈ।

## 1.3.4 ਸੁਖਵਿੰਦਰ ਅਮ੍ਰਿਤ ਦੀ ਕਾਵਿ ਪੋਥੀ 'ਕਣੀਆਂ' ਦੇ ਆਧਾਰ ਉੱਤੇ ਉਨ੍ਹਾਂ ਦੀ ਕਾਵਿ ਸ਼ੈਲੀ

**ਭਾਸ਼ਾ ਸ਼ੈਲੀ:**

ਕਵਿਤਾ ਦੀ ਭਾਸ਼ਾ ਤੋਂ ਕਿਸੇ ਕਵੀ ਜ਼ਾਂ ਕਵਿੱਤਰੀ ਦੀ ਯੋਗਤਾ ਸਾਬਿਤ ਹੁੰਦੀ ਹੈ। ਵਿਸ਼ੇ ਨੂੰ ਰੋਚਕ ਅਤੇ ਰਸਮਈ ਭਾਸ਼ਾ ਵਿਚ ਪੇਸ਼ ਕਰਨ ਵਾਲਾ ਕਵੀ ਪਾਠਕ ਦੇ ਮਨ ਦੀਆਂ ਗਹਿਰਾਈਆਂ ਤੱਕ ਉਤਰ ਜਾਂਦਾ ਹੈ। ਖੁਲ੍ਹੀ ਕਵਿਤਾ ਲਿਖਣ ਵਾਲੇ ਕਵੀਆਂ ਅਤੇ ਕਵਿੱਤਰੀਆਂ ਵਿਚ ਇਸ ਗੁਣ ਨੂੰ ਨਿਭਾਉਣਾ ਕਾਫ਼ੀ ਚੁਨੌਤੀਪੂਰਣ ਹੁੰਦਾ ਹੈ। ਸੁਖਵਿੰਦਰ ਅੰਮ੍ਰਿਤ ਇਸ ਸੰਬੰਧ ਵਿਚ ਇੱਕ ਨਿਪੁੰਨ ਕਵਿੱਤਰੀ ਸਾਬਿਤ ਹੋ ਰਹੀ ਹੈ। ਕਵਿੱਤਰੀ ਦੀ ਭਾਸ਼ਾ ਵਿਚ ਸਪਸ਼ਟਤਾ ਹੈ, ਉਸਦੀ ਸ਼ੈਲੀ ਵਿਸ਼ੇ ਦੇ ਅਨੁਕੂਲ ਹੈ। ਸ਼ਬਦਾਂ ਦੀ ਚੋਣ ਬਹੁਤ ਧਿਆਨ ਨਾਲ ਕੀਤੀ ਗਈ ਹੈ ਅਤੇ ਫ਼ਾਲਤੂ ਅਤੇ ਬੋਰੀਅਤ ਪੈਦਾ ਕਰਨ ਵਾਲੇ ਸ਼ਬਦ ਕਿਤੇ ਵੀ ਇਸਤੇਮਾਲ ਨਹੀਂ ਕੀਤੇ ਗਏ ਹਨ। ਸ਼ਬਦਾਂ ਦੀ ਚੋਣ ਰਿਸ਼ਤਿਆਂ ਦੇ ਗਹਿਰੇਪਣ ਨੂੰ ਉਜਾਗਰ ਕਰਦੀ ਹੈ। ਸ਼ਬਦ ਪਾਤਰਾਂ ਅਤੇ ਵਿਸ਼ੇ ਉੱਤੇ ਪੂਰੀ ਤਰ੍ਹਾਂ ਫ਼ਿਟ ਬੈਠਦੇ ਹਨ। ਕਵਿਤਾ ਪੈਰ ਸਲਾਮਤ ਦਾ ਵਿਸ਼ਾ ਇਸਤਰੀ ਦੇ ਸਵੈ ਸਨਮਾਨ ਆਤਮਵਿਸ਼ਵਾਸ, ਆਤਮ ਨਿਰਭਰਤਾ ਨਾਲ ਸੰਬੰਧਿਤ ਹੈ। ਇਸ ਦੇ ਵਿਸ਼ੇ ਅਨੁਸਾਰ ਹੀ ਸ਼ਬਦ, ਭਾਸ਼ਾ ਤੇ ਵਾਕਾਂ ਦੀ ਚੋਣ ਕੀਤੀ ਗਈ ਹੈ।

ਮੈਂ ਕਾਲੀਆਂ ਰਾਤਾਂ 'ਚ
ਤੇਰਾ ਚੰਨ-ਮੁਖੜਾ ਦੇਖਣ ਦੀ **ਲੋਚਾ** ਕਰਦੀ ਹਾਂ
ਤਾਂ ਇਹ ਨਾ ਸਮਝੀਂ

ਕਿ ਹਨੇਰਿਆਂ ਤੋਂ ਡਰਦੀ ਹਾਂ

**ਨਿੱਜਤਾ:**

ਸੁਖਵਿੰਦਰ ਅਮ੍ਰਿਤ ਦੀਆਂ ਬਹੁਤੀਆਂ ਕਵਿਤਾਵਾਂ ਵਿਚ ਉਸਦੇ ਨਿੱਜੀ ਤਜਰਬੇ ਨਜ਼ਰ ਆਉਦੇ ਹਨ। ਉਸਦੀ ਕਵਿਤਾ ਦੀ ਪ੍ਰੇਰਣਾ ਉਸਦਾ ਨਿੱਜੀ ਜੀਵਨ ਹੈ। ਜਿਸ ਵਿਚ ਉਸਨੂੰ ਡਰੀ ਤੇ ਸਹਿਮੀ ਮਾਂ, ਅੜਬ ਪਿਤਾ, ਜਗੀਰੂ ਸੋਚ ਵਾਲੀ ਮਾਨਸਿਕਤਾ, ਪੁਰਸ਼ ਦੀ ਪ੍ਰਧਾਨਗੀ ਪ੍ਰਾਪਤ ਹੋਈ। ਇਸੇ ਕਾਰਨ ਉਸਦੇ ਵਿਚਾਰਾਂ ਨਾਲ ਸਹਿਜੇ ਹੀ ਇਸਤਰੀ ਪਾਠਕ ਏਕਾ ਸਥਾਪਿਤ ਕਰ ਲੈਂਦੀ ਹੈ। ਉਸਦੀ ਹੋਈ ਹਰ ਨਾਰੀ ਨੂੰ ਆਪਣੀ ਹੋਈ ਨਜ਼ਰ ਆਉਂਦੀ ਹੈ।

**ਬਿੰਬ ਅਤੇ ਪ੍ਰਤੀਕ:**

ਸੁਖਵਿੰਦਰ ਅਮ੍ਰਿਤ ਨੇ ਆਪਣੀ ਕਵਿਤਾ ਵਿਚ ਬਹੁਤ ਹੀ ਸਫਲਤਾਪੂਰਵਕ ਬਿੰਬ ਕਲਾ ਦਾ ਇਸਤੇਮਾਲ ਕੀਤਾ ਹੈ। ਉਸਦੀ ਬਿੰਬ ਕਲਾ ਸੁਭਾਵਿਕ ਪ੍ਰਤੀਤ ਹੁੰਦੀ ਹੈ ਉਸ ਲਈ ਉਸਨੂੰ ਕਿਸੇ ਉਚੇਚ ਦੀ ਲੋੜ ਨਹੀਂ ਪੈਂਦੀ। ਉਸਦੀ ਕਵਿਤਾ ਕਿਸੇ ਦ੍ਰਿਸ਼, ਅਵਾਜ਼, ਗੰਧ, ਸੁਆਦ, ਸਫ਼ਰਸ਼ ਨੂੰ ਪਾਠਕ ਦੀਆਂ ਇੰਦਰੀਆਂ ਤੱਕ ਸਫਲਤਾਪਰਕ ਪਹੁੰਚਾ ਦਿੰਦੀ ਹੈ। ਪਾਠਕ ਬਹੁਤ ਡੂੰਘਾਈ ਨਾਲ ਉਸਦੀ ਕਵਿਤਾ ਨਾਲ ਇੱਕਮਿੱਕ ਹੋ ਜਾਂਦਾ ਹੈ। ਸੁਖਵਿੰਦਰ ਅਮ੍ਰਿਤ ਨੇ ਆਪਣੀਆਂ ਕਵਿਤਾਵਾਂ ਵਿਚ ਕਈ ਦੇ ਪ੍ਰਕਾਰ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਔਰਤ ਲਈ ਅੱਗ, ਪੌਣ, ਮਿੱਟੀ, ਧਰਤੀ, ਨਦੀ, ਕਾਗ਼ਜ਼ ਦੀ ਗੁੱਡੀ, ਸਿੱਪ, ਮਰਦ ਲਈ ਰੁੱਖ, ਧੀ ਲਈ ਪ੍ਰਾਹੁਣੀ, ਪਿਤਾ ਲਈ ਕੌੜੀ ਹਵਾੜ, ਨੌਜੁਆਨ ਲੜਕੀ ਅਤੇ ਪ੍ਰੇਮਿਕਾ ਲਈ ਸਰੋਂ ਦੀ ਗੰਧਲ, ਸੁਲਫ਼ੇ ਦੀ ਲਾਟ, ਕਵਿਤਾ ਪ੍ਰੇਮੀ ਲਈ ਚੰਨ ਦਾ ਟੋਟਾ, ਪਵਿੱਤਰ ਪੰਨਾ, ਅਨਚਾਹੇ ਪਤੀ ਲਈ ਕਾਲਾ ਬੱਦਲ, ਜ਼ਿੰਦਗੀ ਲਈ ਚਸ਼ਮਾਂ, ਵਰਗੇ ਪ੍ਰਤੀਕਾਂ ਦਾ ਇਸਤੇਮਾਲ ਸੁਖਵਿੰਦਰ ਅਮ੍ਰਿਤ ਦੀ ਕਵਿਤਾ ਨੂੰ ਨਵੇਕਲੇ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ।

**ਨਾਰੀਵਾਦੀ ਪ੍ਰਵਚਨ**:

ਸੁਖਵਿੰਦਰ ਅਮ੍ਰਿਤ ਦੀਆਂ ਜ਼ਿਆਦਾਤਰ ਕਵਿਤਾਵਾਂ ਨਾਰੀਵਾਦੀ ਪ੍ਰਵਚਨ ਸਿਰਜਦੀਆਂ ਪ੍ਰਤੀਤ ਹੁੰਦੀਆਂ ਹਨ। ਕਵਿਤਾ ਦਾ ਵਿਸ਼ਾ ਚਾਹੇ ਕੋਈ ਵੀ ਹੋਵੇ ਪਰ ਉਸਦਾ ਕੇਂਦਰਬਿੰਦੂ ਨਾਰੀ ਹੀ ਹੈ। ਇਹ ਪ੍ਰਵਚਨ ਨਾਰੀ ਦੇ ਸੰਘਰਸ਼ੀ ਜੀਵਨ, ਉਸਦੀ ਸੁੰਦਰਤਾ, ਉਸਦੀ ਕਮਜ਼ੋਰੀ ਅਤੇ ਕਾਇਰਤਾ,

ਉਸਦੇ ਮਰਦ ਪ੍ਰਤੀ ਪਿਆਰ, ਉਸਦੀ ਸੰਵੇਦਨਸ਼ੀਲਤਾ, ਉਸਦੀ ਬੁੱਧੀ ਅਤੇ ਤਰਕ ਦੁਆਲੇ ਘੁੰਮਦੀ ਨਜ਼ਰ ਆਉਂਦੀ ਹੈ।

## 1.3.5 ਸੁਖਵਿੰਦਰ ਅਮ੍ਰਿਤ ਦਾ ਪੰਜਾਬੀ ਆਧੁਨਿਕ ਕਵਿਤਾ ਵਿਚ ਸਥਾਨ

ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਸੁਖਵਿੰਦਰ ਅਮ੍ਰਿਤ ਦਾ ਵਿਲੱਖਣ ਅਤੇ ਨਵੇਕਲਾ ਨਾਮ ਹੈ। ਸੁਖਵਿੰਦਰ ਅਮ੍ਰਿਤ ਨੇ 1997 ਵਿਚ ਸੂਰਜ ਦੀ ਦਹਿਲੀਜ਼ ਗਜ਼ਲ ਸੰਗ੍ਰਿਹ ਤੋਂ ਪੰਜਾਬੀ ਕਾਵਿ ਖੇਤਰ ਵਿਚ ਪੈਰ ਧਰਿਆ ਅਤੇ ਲਗਾਤਾਰ ਨਵੇਂ ਪ੍ਰਤੀਮਾਨ ਸਥਾਪਿਤ ਕਰਦੀ ਹੋਈ ਪੰਜਾਬੀ ਕਵਿੱਤਰੀਆਂ ਦੀ ਮੁੱਢਲੀ ਕਤਾਰ ਵਿਚ ਜਾ ਖੜੀ ਹੋਈ ਹੈ। ਹੁਣ ਤੱਕ ਉਸਦੇ ਗਜ਼ਲ ਸੰਗ੍ਰਿਹ ‘ਸੂਰਜ ਦੀ ਦਹਿਲੀਜ਼' (1997) ‘ਚਿਰਾਗ਼ਾਂ ਦੀ ਡਾਰ’ (1998) ‘ਪਤਝੜ ਵਿਚ ਪੁੰਗਰਦੇ ਪੱਤੇ’ (2002) ‘ਹਜ਼ਾਰ ਰੰਗਾਂ ਦੀ ਲਾਟ’ (2008) ‘ਪੁੰਨਿਆ’ (2011) ਛਪ ਚੁੱਕੇ ਹਨ। ਇਨ੍ਹਾਂ ਤੋਂ ਇਲਾਵਾ ‘ਕਈਆਂ’ ‘ਧੁੱਪ ਦੀ ਚੁੰਨੀ’ ‘ਚਿੜੀਆਂ’ ਕਾਵਿ ਸੰਗ੍ਰਿਹ ਪ੍ਰਕਾਸ਼ਿਤ ਹੋ ਚੁੱਕੇ ਹਨ।

**1.4 ਨਿਸ਼ਕਰਸ਼ (Summary) :** ਕਈ ਕਵਿਤਾਵਾਂ ਨਰਮ ਅਤੇ ਮਾਰਮਿਕ ਰਿਸ਼ਤਿਆਂ ਦੀ ਕਹਾਣੀ ਹਨ ਜਿਨ੍ਹਾਂ ਨੂੰ ਜੇਕਰ ਸਹੀ ਅਰਥ ਪ੍ਰਾਪਤ ਹੋਣ ਤਾਂ ਉਹ ਵਰਦਾਨ ਸਾਬਿਤ ਹੋ ਸਕਦੇ ਹਨ। ਸਮਾਜਿਕ ਅਤੇ ਪਿਆਰ ਦੇ ਰਿਸ਼ਤੇ ਜੀਵਨ ਦਾ ਆਸਰਾ ਅਤੇ ਅਸਲ ਹਨ। ਪਰ ਕਈ ਵਾਰ ਇਹੀ ਰਿਸ਼ਤੇ ਇਕ ਸੰਘਰਸ਼ ਨੂੰ ਪੈਦਾ ਕਰਦੇ ਹਨ। ਸੰਘਰਸ਼ ਜਿਸ ਵਿਚ ਜਿੱਤ ਪ੍ਰਾਪਤ ਕਰਨ ਦੀ ਪ੍ਰੇਰਣਾ ਕਵਿੱਤਰੀ ਦਿੰਦੀ ਹੈ ਪਰ ਕਈ ਵਾਰ ਹਾਰ ਦੀ ਸਥਿਤੀ ਵਿਚ ਸਾਰੇ ਚਾਅ ਖ਼ਤਮ ਹੋ ਜਾਂਦੇ ਹਨ। ਲੋੜ ਇਨ੍ਹਾਂ ਰਿਸ਼ਤਿਆਂ ਨੂੰ ਸਤਕਾਰ ਦੇਣ ਦੀ ਹੈ। ਔਰਤ ਦੇ ਬਲੀਦਾਨ ਨੂੰ ਉਤਿਕਾਰ ਦੇਣ ਦੀ।

## 1.5 ਸ਼ਬਦਾਵਲੀ (Glossary)

**ਦਹਿਕਦੀਆਂ:** ਜਲਣਾ, ਚਮਕਣਾ

**ਸਾਹਵੇਂ:** ਸਾਹਮਣੇ, ਅਗਲੇ ਪਾਸੇ

**ਮੱਠੀ:** ਸੁਸਤ, ਹੌਲੀ, ਮੰਦ

**ਤ੍ਰਭਕ:** ਹੈਰਾਨ ਹੋਣਾ, ਅਸਚਰਜ, ਨੀਂਦ ਤੋਂ ਅਚਾਨਕ ਕਿਸੇ ਖੜਾਕ ਕਾਰਨ ਉੱਠਣਾ

**ਬੁੱਕਲ:** ਕੰਬਲ/ਚਾਦਰ/ਦੁਪੱਟਾ/ਚੁੰਨੀ ਨੂੰ ਧੌਣ ਤੋਂ ਥੱਲੇ ਬਾਹਵਾਂ ਦੁਆਲੇ ਲਪੇਟਣ ਦੀ ਕਿਰਿਆ,

**ਬੀਹੀ:** ਘਰਾਂ ਵਿੱਚੋਂ ਲੰਘਦੀ ਗਲੀ; ਸੌੜਾ ਰਾਹ

**ਲਾਟ:** ਅੱਗ ਵਿਚੋਂ ਨਿਕਲਣ ਵਾਲੀ ਰੇਖਾ,

**ਧੁਆਂਖਿਆ:** ਧੁਖਦਾ ਹੋਇਆ, ਬਲਣਸ਼ੀਲ

**ਕਨਸੋਆਂ:** ਜਾਣਕਾਰੀ, ਸੂਹ ਲਗਾਣੀ

**ਉੱਮਲ:** ਉਤਸ਼ਾਹਿਤ

**ਮਿੱਧਦੇ:** ਪੈਰਾਂ ਥੱਲੇ ਮਲਨਾ, ਮਸਲਨਾ

**ਨੋਚ:** ਲੁੰਚਨ, ਉਖੇੜਨਾ, ਨਹੁ ਦੰਦ ਚੁੰਜ ਆਦਿ ਨਾਲ ਖਿੱਚਣਾ ਪੱਟਣਾ ਅਥਵਾ ਚੂੰਡਣਾ

**ਅੰਗਿਆਰ:** ਅਗਨਿ ਰੂਪ ਹੋਇਆ ਲੱਕੜ ਅਥਵਾ ਕੋਲੇ ਦਾ ਭਾਗ

**ਵੀਰਾਨ:** ਖ਼ਾਲੀ, ਬੰਜਰ, ਬੀਆਬਾਨ

**ਆਤਮਘਾਤ:** ਆਤਮਹੱਤਿਆ

**ਵਿਯੋਗ** : ਜੁਦਾਈ, ਵਿਛੋੜਾ

**ਕਸ਼ੀਦ:** ਅਰਕ ਖਿੱਚਣ ਦੀ ਕਿਰਿਆ ਜਾਂ ਅਮਲ

**ਤਿਲ ਤਿਲ:** ਔਖਆਈ ਆਉਣਾ

**ਔੜਾਂ:** ਸੋਕਾ, ਖੁਸ਼ਕੀ

**ਦੰਦਲ:** ਬੇਹੋਸ਼ੀ ਦੀ ਹਾਲਤ, ਦੰਦਿਆ ਵਾਲਾ

**ਲੋਚਾ:** ਤੱਕਣਾ, ਉਡੀਕਣਾ, ਪਿਆਰ ਦੀ ਉਡੀਕ

## 1.6 ਅਭਿਆਸ ਲਈ ਪ੍ਰਸ਼ਨ [Self Assessment Questions (SAQ)]

1. ਪ੍ਰਸ਼ਨ: ਸੁਖਵਿੰਦਰ ਅਮ੍ਰਿਤ ਦੀ ਕਾਵਿ ਪੋਥੀ 'ਕਣੀਆਂ' ਵਿਚਲੇ ਵਿਸ਼ਿਆਂ ਉੱਤੇ ਚਾਣਨਾ ਪਾਉ?
2. ਪ੍ਰਸ਼ਨ: ਸੁਖਵਿੰਦਰ ਅਮ੍ਰਿਤ ਦੀ ਕਾਵਿ ਪੋਥੀ 'ਕਣੀਆਂ' ਦੇ ਆਧਾਰ ਉੱਤੇ ਉਸਦੀ ਕਾਵਿ ਸ਼ੈਲੀ ਦੀਆਂ ਵਿਸ਼ੇਸ਼ਤਾਵਾਂ ਦੱਸੋ?
3. ਪ੍ਰਸ਼ਨ: ਸੁਖਵਿੰਦਰ ਅਮ੍ਰਿਤ ਨੇ ਆਪਣੀ ਕਾਵਿ ਪੋਥੀ 'ਕਣੀਆਂ' ਵਿਚ ਨਾਰੀਵਾਦੀ ਪ੍ਰਵਚਨ ਕਿਵੇਂ ਉਸਾਰਿਆ ਹੈ ਵਿਵੇਚਨਾ ਕਰੋ?

4. ਪ੍ਰਸ਼ਨ: ਸੁਖਵਿੰਦਰ ਅਮ੍ਰਿਤ ਨੇ ਆਪਣੀ ਕਾਵਿ ਪੋਥੀ 'ਕਣੀਆਂ' ਨਿੱਜਵਾਦੀ ਅਨੁਭਵ ਨੂੰ ਕਿਵੇਂ ਭਾਰਤੀ ਨਾਰੀ ਦੇ ਸਰਵਵਿਆਪੀ ਦ੍ਰਿਸ਼ਟੀਕੋਣ ਨਾਲ ਜੋੜਿਆ ਹੈ।

## 1.7 ਸਹਾਇਕ ਗ੍ਰੰਥਾਵਲੀ:

ਕਣੀਆਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017

## 1.8 ਸਹਾਇਕ ਪੁਸਤਕਾਂ (Suggested Reading) :

ਸੁਰਿੰਦਰ ਕੌਰ, ਆਧੁਨਿਕ ਕਵਿਤਾ ਦੀਆਂ ਸੰਚਾਰ ਵਿਧੀਆਂ

ਡਾ. ਸੁਖਦੇਵ ਸਿੰਘ, ਪੰਜਾਬੀ ਕਾਵਿ: ਪ੍ਰਤੀਰੋਧ ਦਾ ਪ੍ਰਵਚਨ

..............................

# ਅਸੀਂ ਨਾਨਕ ਦੇ ਕੀ ਲੱਗਦੇ ਹਾਂ
## (ਜਸਵੰਤ ਜ਼ਫ਼ਰ)

**2.1 ਆਧੁਨਿਕ ਪੰਜਾਬੀ ਕਵਿਤਾ ਨਾਲ ਜਾਣ-ਪਛਾਣ (Introduction)**

**2.2 ਉਦੇਸ਼ (Objective)**

**2.3 ਅਸੀਂ ਨਾਨਕ ਦੇ ਕੀ ਲੱਗਦੇ ਹਾਂ**

**2.4 ਸਮੱਗਰੀ (Content Section)**

**2.4.1 ਜਸਵੰਤ ਜ਼ਫ਼ਰ ਦੀ ਕਾਵਿ ਪੱਖੀ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਦਾ ਵਿਸ਼ਾ ਅਤੇ ਉਦੇਸ਼**

**2.4.2 ਜਸਵੰਤ ਜ਼ਫ਼ਰ ਦੀ ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਵਿਚਲੀ ਕਵਿਤਾ ਦੀ ਸਾਹਿੱਤਕ ਆਲੋਚਨਾ**

**2.4.3 ਅਲੰਕਾਰ ਯੋਜਨਾ ਅਤੇ ਸਮਾਸਾਂ ਦੀ ਵਰਤੋਂ**

**2.4.4 ਜਸਵੰਤ ਜ਼ਫ਼ਰ ਦੀ ਕਾਵਿ ਭਾਸ਼ਾ ਦੇ ਵਿਸ਼ੇਸ਼ ਗੁਣ**

**2.4.5 ਜਸਵੰਤ ਜ਼ਫ਼ਰ ਦਾ ਪੰਜਾਬੀ ਸਾਹਿੱਤ ਵਿਚ ਸਥਾਨ**

**2.5 ਸਾਰ (Summary)**

**2.6 ਸ਼ਬਦਾਵਲੀ (Glossary)**

**2.7 ਅਭਿਆਸ ਲਈ ਪ੍ਰਸ਼ਨ [Self Assessment Questions (SAQ)]**

**2.8 ਸਹਾਇਕ ਗ੍ਰੰਥਾਵਲੀ (Suggestive Reading)**

**2.9 ਸਹਾਇਕ ਪੁਸਤਕਾਂ**

## 2.1 ਆਧੁਨਿਕ ਪੰਜਾਬੀ ਕਵਿਤਾ ਨਾਲ ਜਾਣ-ਪਛਾਣ (Introduction) :

ਆਧੁਨਿਕ ਪੰਜਾਬੀ ਕਵਿਤਾ ਦੀ ਉਮਰ ਲਗਭਗ ਸੌ ਸਾਲ ਦੇ ਕਰੀਬ ਹੈ। ਇਹ ਬਰਤਾਨਵੀ ਰਾਜ, ਪੱਛਮੀ ਸਭਿਆਚਾਰ ਅਤੇ ਯੂਰਪੀਨ ਸਾਹਿਤ ਦੁਆਰਾ ਪੰਜਾਬੀ ਸਾਹਿਤ ਉੱਪਰ ਪਏ ਪ੍ਰਭਾਵ ਦੀ ਉਪਜ ਹੈ। ਨਵੇਂ ਗਿਆਨ ਵਿਗਿਆਨ ਤੇ ਤਰਕ ਨੇ ਪੰਜਾਬੀ ਸਭਿਆਚਾਰ, ਸਾਹਿੱਤ ਅਤੇ ਕਵਿਤਾ ਉੱਪਰ ਡੂੰਘਾ ਪ੍ਰਭਾਵ ਪਾਇਆ ਹੈ। ਪੱਛਮੀ ਚਿੰਤਕਾਂ ਦੇ ਫ਼ਲਸਫ਼ੇ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਨੇ ਜਿੱਥੇ ਮਾਨਵੀ ਰੁਚੀਆਂ ਅਤੇ ਅਨੁਸ਼ਾਸਨਾਂ ਨੂੰ ਪ੍ਰਭਾਵਿਤ ਕੀਤਾ, ਉੱਥੇ ਸਾਹਿਤ ਦੇ ਮਸਲਿਆਂ ਨਾਲ ਵੀ ਆਪਣਾ ਸੰਵਾਦ ਰਚਾਇਆ। ਆਧੁਨਿਕ ਪੰਜਾਬੀ ਕਵਿਤਾ ਵੀ ਇਸੇ ਵਿਚਾਰਧਾਰਕ ਅਤੇ ਯਥਾਰਥ ਪਰਿਪੇਖ ਵਿਚੋਂ ਵੀਹਵੀਂ ਸਦੀ ਦੇ ਮੁੱਢ ਵਿਚ ਆਪਣੀ ਹੋਂਦ ਗ੍ਰਹਿਣ ਕਰਦੀ ਹੋਈ ਵਿਭਿੰਨ ਇਤਿਹਾਸਕ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਵਿਚਾਰਧਾਰਕ ਪੜਾਵਾਂ ਵਿਚੋਂ ਗੁਜ਼ਰਦੀ ਹੋਈ ਅਨੇਕਾਂ ਸਾਹਿਤਕ ਪ੍ਰਵਿਰਤੀਆਂ ਨੂੰ ਜਨਮ ਦੇ ਕੇ ਅਜੋਕੇ ਸਮੇਂ ਤੱਕ ਨਿਰੰਤਰ ਵਿਕਾਸ ਕਰਦੀ ਰਹੀ ਹੈ। ਆਧੁਨਿਕ ਪੰਜਾਬੀ ਕਵਿਤਾ ਨੂੰ ਮੋਟੇ ਤੌਰ ਉੱਤੇ ਹੇਠ ਲਿਖੀਆਂ ਕਾਵਿ ਧਾਰਾਵਾਂ/ਪ੍ਰਵਿਰਤੀਆਂ ਵਿਚ ਵੰਡਿਆ ਜਾ ਸਕਦਾ ਹੈ।

1. ਅਧਿਆਤਮਕ/ਰਹੱਸਵਾਦੀ ਕਾਵਿ ਧਾਰਾ
2. ਰੁਮਾਂਸਵਾਦੀ/ਰੁਮਾਂਟਿਕ ਕਾਵਿ ਧਾਰਾ
3. ਪ੍ਰਗਤੀਵਾਦੀ ਕਾਵਿ ਧਾਰਾ
4. ਨਵ-ਰਹੱਸਵਾਦੀ ਕਾਵਿ ਧਾਰਾ
5. ਸੁਹਜਵਾਦੀ ਕਾਵਿ ਧਾਰਾ
6. ਪ੍ਰਯੋਗਸ਼ੀਲ ਕਾਵਿ ਧਾਰਾ
7. ਆਧੁਨਿਕਵਾਦੀ ਕਾਵਿ ਧਾਰਾ
8. ਜੁਝਾਰਵਾਦੀ ਕਾਵਿ ਧਾਰਾ
9. ਨਾਰੀਵਾਦੀ ਕਾਵਿ ਧਾਰਾ
10. ਪਰਵਾਸੀ ਕਾਵਿ ਧਾਰਾ

11. ਨਵ-ਕਵਿਤਾ/ਸਮਕਾਲੀ ਪੰਜਾਬੀ ਕਾਵਿ-ਧਾਰਾ

ਇਹ ਵਰਗ ਵੰਡ ਕਿਸੇ ਵਿਗਿਆਨਕ ਅਧਾਰ ਉੱਤੇ ਨਹੀਂ ਹੈ ਸਗੋਂ ਆਧੁਨਿਕ ਕਵਿਤਾ ਦੇ ਸਮਕਾਲੀਨ ਸਮਾਜਿਕ ਪਰਿਸਥਿਤੀਆਂ, ਇਤਿਹਾਸਕ ਪਰਿਪੇਖ, ਵਿਚਾਰਧਾਰਕ ਪਰਿਪੇਖ ਅਤੇ ਸੁਭਾਅ ਅਨੁਕੂਲ ਹੈ। ਇਹ ਸਾਰੀਆਂ ਕਾਵਿ ਧਾਰਾਵਾਂ ਇਕ ਦੂਜੇ ਨਾਲ ਸੰਵਾਦ ਰਚਾਉਂਦੀਆਂ ਹਨ। ਇਸ ਕਾਵਿ ਧਾਰਾ ਦੇ ਕਵੀ ਸਮਾਜਿਕ ਪਰਿਸਥਿਤੀਆਂ ਦੇ ਬਦਲਣ ਨਾਲ ਆਪਣੀ ਕਾਵਿ ਸਿਰਜਣਾ ਕਰਦੇ ਹੋਏ ਵਿਚਾਰਧਾਰਕ ਤੌਰ ਉੱਪਰ ਤਬਦੀਲ ਹੋ ਕੇ ਦੂਜੀ ਕਾਵਿ ਧਾਰਾ ਵਿਚ ਸ਼ਾਮਿਲ ਹੋ ਜਾਂਦੇ ਹਨ। ਇਸ ਲਈ ਸਮੇਂ, ਸਥਾਨ ਅਤੇ ਵਿਅਕਤੀਗਤ ਪਛਾਣ ਦੇ ਤਹਿਤ ਕਿਸੇ ਇਕ ਕਵੀ ਨੂੰ ਇਕ ਹੀ ਕਾਵਿ ਧਾਰਾ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ।

**1. ਅਧਿਆਤਮਕ/ਰਹੱਸਵਾਦੀ ਕਾਵਿ ਧਾਰਾ:**

ਇਹ ਕਾਵਿ ਧਾਰਾ ਬਰਤਾਨਵੀ ਕਾਲ ਸਮੇਂ ਦੀਆਂ ਸਮਾਜ ਸੁਧਾਰ ਲਹਿਰਾਂ ਵਿਚੋਂ ਉਪਜੀ ਹੈ। ਇਨ੍ਹਾਂ ਲਹਿਰਾਂ ਨੇ ਪੱਛਮੀ ਸਿੱਖਿਆ ਅਤੇ ਵਿਗਿਆਨਕ ਤਰਕ ਰਾਹੀਂ ਪੰਰਪਰਾਵਾਂ ਦੀ ਪੁਨਰ ਵਿਆਖਿਆ ਕੀਤੀ। ਇਹ ਕਵਿਤਾ ਆਧੁਨਿਕ ਯੁੱਗ ਅਤੇ ਮੱਧਕਾਲੀਨ ਸਾਹਿਤ ਦੇ ਸੁਮੇਲ ਨਾਲ ਜੁੜੀ ਹੋਈ ਹੈ। ਇਸ ਕਾਵਿ ਧਾਰਾ ਦੇ ਪ੍ਰਮੁੱਖ ਕਵੀ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਤੇ ਧਨੀ ਰਾਮ ਚਾਤ੍ਰਿਕ ਹਨ। ਇਨ੍ਹਾਂ ਤੋਂ ਇਲਾਵਾ ਦੀਵਾਨ ਸਿੰਘ ਕਾਲੇ ਪਾਣੀ, ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫਿਰ, ਵਿਧਾਤਾ ਸਿੰਘ ਤੀਰ, ਫੀਰੋਜ਼ਦੀਨ ਸ਼ਰਫ ਵੀ ਇਸੇ ਕਾਵਿਧਾਰਾ ਨਾਲ ਸੰਬੰਧਤ ਹਨ।

**2. ਰੁਮਾਂਸਵਾਦੀ ਪੰਜਾਬੀ ਕਵਿਤਾ:**

ਇਹ ਆਧੁਨਿਕ ਪੰਜਾਬੀ ਕਵਿਤਾ ਦਾ ਉਹ ਪੜਾਅ ਹੈ ਜਿੱਥੇ ਕਵਿਤਾ ਪਾਰਲੌਕਿਕ ਆਦਰਸ਼ਾਂ ਅਤੇ ਅਨੁਭਵਾਂ ਤੋਂ ਟੁੱਟ ਜਾਂਦੀ ਹੈ ਅਤੇ ਇਸਦੇ ਵਿਸ਼ੇ ਮਨੁੱਖ ਕੇਂਦਰਿਤ ਤੇ ਲੌਕਿਕ ਜੀਵਨ ਦੀਆਂ ਇੱਛਾਵਾਂ ਨਾਲ ਜੁੜ ਜਾਂਦੇ ਹਨ। ਇਸ ਕਾਵਿ ਧਾਰਾ ਦੀ ਪ੍ਰਤਿਨਿਧਤਾ ਕਰਨ ਵਾਲੇ ਮੁੱਖ ਕਵੀ ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਧਨੀ ਰਾਮ ਚਾਤ੍ਰਿਕ ਤੇ ਬਾਵਾ ਬਲਵੰਤ ਆਦਿ ਹਨ।

### 3. ਪ੍ਰਗਤੀਵਾਦੀ ਕਾਵਿ ਧਾਰਾ:

ਇਸ ਕਾਵਿ ਧਾਰਾ ਦਾ ਪਿਛੋਕੜ ਵਿਸ਼ਵ ਦ੍ਰਿਸ਼ਟੀਕੋਣ ਦੇ ਵਿਚਾਰਧਾਰਕ ਅੰਦੋਲਨ ਨਾਲ ਜੁੜਿਆ ਹੋਇਆ ਹੈ। ਇਸ ਕਵਿਤਾ ਉੱਤੇ ਮਾਰਕਸਵਾਦੀ ਵਿਚਾਰਧਾਰਾ ਅਤੇ ਮਾਨਵ ਸਾਂਝੀਵਾਲਤਾ ਦਾ ਪ੍ਰਭਾਵ ਹੈ। ਇਸਦੇ ਪ੍ਰਮੁੱਖ ਕਵੀ ਅਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ, ਦੀਵਾਨ ਸਿੰਘ ਕਾਲੇਪਾਈ, ਬਾਵਾ ਬਲਵੰਤ, ਪਿਆਰਾ ਸਿੰਘ ਸਹਿਰਾਈ, ਸੰਤੋਖ ਸਿੰਘ ਧੀਰ ਹਨ।

### 4. ਨਵ ਰਹੱਸਵਾਦੀ ਪੰਜਾਬੀ ਕਾਵਿ ਧਾਰਾ:

ਨਵ ਰਹੱਸਵਾਦੀ ਪੰਜਾਬੀ ਕਾਵਿ ਧਾਰਾ ਉਨ੍ਹਾਂ ਸਥਿਤੀਆਂ, ਪਰਿਸਿਥਤੀਆਂ ਅਤੇ ਵਿਚਾਰਧਾਰਕ ਪਿਛੋਕੜ ਦੀ ਉਪਜ ਹੈ ਜਿਸ ਸਮੇਂ ਪ੍ਰਗਤੀਵਾਦੀ ਵਿਚਾਰਧਾਰਾ ਨਿਰੋਲ ਯਥਾਰਥਕ ਹੋਣ ਕਰਕੇ ਸਿਰਫ; ਵਸਤੂਗਤ /ਲੌਕਿਕਤਾ ਦੀ ਗੱਲ ਕਰਨ ਲੱਗ ਪਈ ਸੀ। ਇਸ ਕਾਵਿ ਧਾਰਾ ਨੂੰ ਮੁੱਢਲੀ **ਰਹੱਸਵਾਦੀ ਪੰਜਾਬੀ ਕਾਵਿ ਧਾਰਾ** ਦੇ ਅਗਲੇ ਵਿਕਾਸ ਵਜੋਂ ਵੀ ਪਛਾਣਿਆ ਜਾ ਸਕਦਾ ਹੈ। ਇਸ ਕਾਵਿ ਧਾਰਾ ਨੇ ਜਿੱਥੇ ਇਕ ਪਾਸੇ ਆਤਮ ਅਤੇ ਰਹੱਸਵਾਦ ਦੀ ਗੱਲ ਕੀਤੀ ਉੱਥੇ ਵਿਗਿਆਨ, ਮਨੋਵਿਗਿਆਨ ਅਤੇ ਮਨੁੱਖੀ ਅਵਚੇਤਨ ਦੇ ਵਿਭਿੰਨ ਸੂਖਮ ਪ੍ਰਸੰਗਾਂ ਨੂੰ ਵੀ ਸਮਝਣਾ ਸ਼ੁਰੂ ਕੀਤਾ। ਇਸ ਕਾਵਿ ਧਾਰਾ ਵਿਚ ਜਸਵੰਤ ਸਿੰਘ ਨੇਕੀ ਅਤੇ ਪ੍ਰੀਤਮ ਸਿੰਘ ਸਫ਼ੀਰ ਮਹੱਤਵਪੂਰਨ ਹਨ।

### 5. ਸੁਹਜਵਾਦੀ ਕਾਵਿ ਧਾਰਾ:

ਸੁਹਜਵਾਦੀ ਕਾਵਿ ਧਾਰਾ ਸੰਵੇਦਨਸ਼ੀਲਤਾ, ਪਿਆਰ ਅਤੇ ਸੁਹਜ ਨੂੰ ਸਮਾਜਿਕ ਉਪਯੋਗਿਤਾ ਨਾਲੋਂ ਵੱਧ ਮਹੱਤਵ ਦਿੰਦੀ ਹੈ। ਡਾ. ਹਰਭਜਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਤਾਰਾ ਸਿੰਘ, ਸ. ਸ. ਮੀਸ਼ਾ, ਅਤੇ ਸੁਰਜੀਤ ਪਾਤਰ ਇਸ ਕਾਵਿ ਧਾਰਾ ਦੇ ਮੁੱਖ ਕਵੀ ਹਨ।

### 6. ਪ੍ਰਯੋਗਵਾਦੀ ਪੰਜਾਬੀ ਕਾਵਿ ਧਾਰਾ:

ਪ੍ਰਯੋਗਵਾਦੀ ਪੰਜਾਬੀ ਕਾਵਿ ਧਾਰਾ ਨੇ ਆਧੁਨਿਕ ਜੀਵਨ ਵਿਚ ਆ ਰਹੀਆਂ ਤਬਦੀਲੀਆਂ ਨੂੰ ਪੱਛਮੀ ਆਧੁਨਿਕਵਾਦੀ ਕਾਵਿ ਧਾਰਾ ਦੇ ਪ੍ਰਭਾਵ ਵਿਚ ਸਮਝਣ ਦਾ ਜਤਨ ਕੀਤਾ। ਇਸ ਕਾਵਿ ਧਾਰਾ ਨੇ ਵਰਤਮਾਨ ਜੀਵਨ ਵਿਚ ਉਦਯੋਗਿਕਰਨ, ਨਗਰੀਕਰਨ, ਪਦਾਰਥਵਾਦ ਅਤੇ ਉਪਭੋਗਤਾਵਾਦ ਕਾਰਨ ਪੈਦਾ ਹੋ ਰਹੀ ਬੇਵਸੀ, ਨਿਰਾਸ਼ਾ, ਅਸੰਤੋਸ਼, ਦਿਸ਼ਾਹੀਣਤਾ, ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ।

ਇਸ ਕਾਵਿ ਧਾਰਾ ਦੇ ਪ੍ਰਮੁੱਖ ਕਵੀ ਜਸਬੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ, ਅਜਾਇਬ ਕਮਲ ਹਨ।

### 7. ਆਧੁਨਿਕਵਾਦੀ ਪੰਜਾਬੀ ਕਵਿਤਾ:

ਆਧੁਨਿਕਵਾਦੀ ਪੰਜਾਬੀ ਕਵਿਤਾ ਮਹਾਂਨਗਰੀ ਸੱਭਿਅਤਾ, ਗਿਆਨ, ਵਿਗਿਆਨ, ਮਨੋਵਿਗਿਆਨ ਦੀਆਂ ਨਵੀਨ ਲੱਭਤਾਂ, ਮਨੁੱਖ ਦੀ ਬੇਵੱਸੀ, ਦੁਚਿੱਤੀ, ਅਵਿਸ਼ਵਾਸ, ਵਿਸੰਗਤੀ, ਰਿਸ਼ਤਿਆਂ ਦੀ ਟੁੱਟ-ਭੱਜ, ਸ਼ੰਕਾ ਅਤੇ ਸਮਕਾਲੀ ਯਥਾਰਥ ਵਿਚ ਤਨਾਉ ਭੋਗ ਰਹੇ ਮਨੁੱਖ ਦੀ ਮਾਨਸਿਕ ਪੇਸ਼ਕਾਰੀ ਕਰਦੀ ਹੈ। ਡਾ. ਜਗਤਾਰ ਇਸਦੇ ਪ੍ਰਮੁੱਖ ਕਵੀ ਹਨ।

### 8. ਜੁਝਾਰ-ਵਿਦਰੋਹੀ ਕਾਵਿ-ਧਾਰਾ:

ਜੁਝਾਰ-ਵਿਦਰੋਹੀ ਕਾਵਿ-ਧਾਰਾ ਜਾਂ ਜੁਝਾਰਵਾਦੀ ਕਾਵਿ ਧਾਰਾ ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਵਿਚ ਕ੍ਰਾਂਤੀਕਾਰੀ ਸੁਭਾਅ ਵਾਲੀ ਕਾਵਿ-ਧਾਰਾ ਹੈ। ਇਸ ਲਈ ਇਸਨੂੰ ਪ੍ਰਗਤੀਵਾਦੀ ਕਾਵਿ-ਧਾਰਾ ਦਾ ਅਗਲਾ ਪੜਾਅ ਮੰਨ ਕੇ ਨਵ-ਪ੍ਰਗਤੀਵਾਦੀ ਕਾਵਿ-ਧਾਰਾ ਦਾ ਨਾਂ ਵੀ ਦਿੱਤਾ ਜਾਂਦਾ ਹੈ। ਇਹ ਕਾਵਿ ਧਾਰਾ ਇਨਕਲਾਬੀ ਅਤੇ ਕ੍ਰਾਂਤੀਕਾਰੀ ਦ੍ਰਿਸ਼ਟੀਕੋਣ ਵਾਲੀ ਹੈ। ਅਵਤਾਰ ਸਿੰਘ ਪਾਸ਼, ਅਮਰਜੀਤ ਚੰਦਨ, ਲਾਲ ਸਿੰਘ ਦਿਲ, ਸੁਰਜੀਤ ਪਾਤਰ ਨੇ ਇਸ ਕਵਿਤਾ ਵਿਚ ਅਹਿਮ ਯੋਗਦਾਨ ਦਿੱਤਾ ਹੈ।

### 9. ਨਾਰੀਵਾਦੀ ਕਾਵਿ ਧਾਰਾ:

ਇਹ ਕਾਵਿ ਧਾਰਾ ਨਾਰੀ ਨਾਲ ਜੁੜੇ ਮਸਲਿਆਂ ਨੂੰ ਆਪਣੀ ਲੇਖਣੀ ਦਾ ਮੁੱਖ ਹਿੱਸਾ ਬਣਾਉਂਦੀ ਹੈ। ਇਸ ਦਾ ਜਨਮ ਜਾਗੀਰਦਾਰੀ ਰੁਚੀਆਂ ਵਾਲੇ ਮਰਦ ਕੇਂਦਰਿਤ ਸਮਾਜ ਦੇ ਵਿਰੋਧ ਵਿਚ ਆਧੁਨਿਕ ਨਾਰੀ ਦੀ ਚੇਤਨਾ ਵਿਚੋਂ ਉਪਜਿਆ ਹੈ। ਅੰਮ੍ਰਿਤਾ ਪ੍ਰੀਤਮ, ਸੁਖਵਿੰਦਰ ਅੰਮ੍ਰਿਤ, ਸ਼ਸ਼ੀ ਸਮੁੰਦਰਾ, ਅਮਰ ਜਿਉਤੀ, ਵਨੀਤਾ ਇਸ ਵਿਚ ਮਹਤੱਵਪੂਰਨ ਸਥਾਨ ਰੱਖਦੀਆਂ ਹਨ।

### 10. ਪਰਵਾਸੀ ਪੰਜਾਬੀ ਕਵਿਤਾ:

ਪਰਵਾਸੀ ਪੰਜਾਬੀ ਕਵਿਤਾ ਉਨ੍ਹਾਂ ਕਵੀਆਂ ਨਾਲ ਸੰਬੰਧਤ ਹੈ ਜੋ ਕਿਸੇ ਨਾ ਕਿਸੇ ਕਾਰਨ ਕਰਕੇ ਪੰਜਾਬ ਤੋਂ ਬਾਹਰਲੇ ਦੇਸ਼ਾਂ ਨੂੰ ਪਰਵਾਸ ਕਰ ਗਏ। ਇਸ ਕਵਿਤਾ ਨੇ ਵਿਸ਼ਾਗਤ ਵਿਸਤਾਰ, ਭਾਸ਼ਾਗਤ

ਵਨਸੁਵੰਨਤਾ, ਵਿਸ਼ਾਲ ਸੱਭਿਆਚਾਰਕ ਅੰਤਰ-ਸੰਬੰਧਾਂ ਅਤੇ ਵਿਚਾਰਧਾਰਕ ਪੱਧਰ ਉੱਤੇ ਪੰਜਾਬੀ ਕਾਵਿ ਜਗਤ ਨੂੰ ਅਮੀਰ ਬਣਾਇਆ ਹੈ। ਇਸ ਕਵਿਤਾ ਵਿਚ ਨਸਲੀ ਭੇਦ-ਭਾਵ, ਭੂ ਹੇਰਵਾ, ਪੀੜ੍ਹੀ-ਪਾੜਾ ਦੀ ਤਣਾਉ-ਗ੍ਰਸਤ ਸਥਿਤੀ ਦੀ ਪੇਸ਼ਕਾਰੀ ਪ੍ਰਾਪਤ ਹੁੰਦੀ ਹੈ।

### 11. ਸਮਕਾਲੀ ਪੰਜਾਬੀ ਕਵਿਤਾ:

ਇਹ ਕਵਿਤਾ ਸਮਕਾਲਿਕ ਯੁੱਗ, ਵਰਤਮਾਨ ਪ੍ਰਸਥਿਤੀਆਂ, ਅਨਾਤਮ ਦੀ ਬਜਾਏ ਆਤਮ ਰਾਹੀਂ ਵਰਤਮਾਨ ਸਮੱਸਿਆਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਵਿਚ ਰਾਜਸੀ ਲੁੱਟ ਖਸੁੱਟ, ਭ੍ਰਿਸ਼ਟਾਚਾਰ, ਪੰਜਾਬ ਦਾ ਸੰਕਟ, ਪ੍ਰਗਤੀਵਾਦੀ, ਪ੍ਰਯੋਗਸ਼ਾਲੀ, ਜੁਝਾਰਵਾਦੀ ਧਾਰਾਵਾਂ ਦਾ ਪ੍ਰਭਾਵ ਵੀ ਦੇਖਿਆ ਜਾ ਸਕਦਾ ਹੈ। ਇਸ ਵਿਚ ਡਾ. ਜਗਤਾਰ ਦੇਵ, ਜਸਵੰਤ ਜ਼ਫ਼ਰ, ਸੁਰਜੀਤ ਪਾਤਰ ਦੇ ਨਾਮ ਮਹੱਤਵਪੂਰਨ ਹਨ।

## 2.2. ਉਦੇਸ਼ (Objective) :

ਵਰਤਮਾਨ ਸਮੇਂ ਦੇ ਬਹੁਤੇ ਕਵੀਆਂ ਵਿਚੋਂ ਸ਼ਾਇਦ ਬਹੁਤ ਥੋੜੇ ਹੀ ਹੋਣਗੇ ਜਿਨ੍ਹਾਂ ਨੇ ਸਿੱਖ ਫ਼ਲਸਫ਼ੇ ਨੂੰ ਆਪਣੀ ਲੇਖਣੀ ਦਾ ਅਧਾਰ ਬਣਾਇਆ। ਜੇ ਕਿਸੇ ਨੇ ਬਣਾਇਆ ਵੀ ਤਾਂ ਉਹ ਕੇਵਲ ਪਰੰਪਰਾਗਤ ਲੀਹਾਂ ਉੱਤੇ ਹੀ ਆਪਣੇ ਸੰਦੇਸ਼ ਨੂੰ ਲਿਖ ਸਕੇ। ਆਧੁਨਿਕ ਸਮਾਜ ਅਤੇ ਵਰਤਮਾਨ ਪੀੜ੍ਹੀ ਦੀਆਂ ਲੋੜਾਂ ਨੂੰ ਅਧਾਰ ਬਣਾ ਕੇ ਘੱਟ ਹੀ ਲਿਖਿਆ ਗਿਆ ਹੈ। ਪਰ ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਗੁਰਮਤਿ ਦੇ ਫ਼ਲਸਫ਼ੇ ਨੂੰ ਵਰਤਮਾਨ ਸਮਾਜਿਕ ਲੋੜਾਂ ਦੇ ਅਨੁਸਾਰ ਢਾਲਦੀ ਹੈ। ਇਸ ਲਈ ਇਸ ਕਾਵਿ ਪੋਥੀ ਦੀ ਚਰਚਾ ਵੀ ਬਹੁਤ ਰਹੀ। ਇਸ ਨੂੰ ਨੌਜੁਵਾਨ ਪਾਠਕ ਪੀੜ੍ਹੀ ਨੇ ਵੀ ਬਹੁਤ ਸਲਾਹਿਆ। ਕਵੀ ਦਾ ਦਰਸ਼ਨ ਨੌਜੁਆਨ ਪੀੜ੍ਹੀ ਦੇ ਦਿਲਾਂ ਨੂੰ ਵੀ ਟੁੰਭ ਗਿਆ। ਜ਼ਫ਼ਰ ਨੇ ਸਿਰਲੇਖ ਅਧੀਨ ਕਵਿਤਾ ਵਿਚ ਨਾਨਕ ਦੇ ਨੌਜੁਆਨ ਸਰੂਪ ਨੂੰ ਹੀ ਉਘਾੜਨ ਦੀ ਕੋਸ਼ਿਸ਼ ਕੀਤੀ ਹੈ। ਉਹ ਸਿੱਖ ਧਰਮ ਵਿਚ ਨਾਨਕ ਦੇ ਬਜੁਰਗ ਅਤੇ ਸ਼ਾਂਤ ਸਰੂਪ ਉੱਤੇ ਵਿਅੰਗ ਕਰਦਾ ਹੈ। ਜ਼ਫ਼ਰ ਨਾਨਕ ਨੂੰ ਕੇਵਲ ਬੁਢਿਆਂ ਦਾ ਆਸਰਾ, ਬਖਸ਼ਿਸਾਂ ਦੇਣ ਵਾਲਾ ਬਾਬਾ ਹੀ ਨਹੀਂ ਮੰਨਦਾ, ਸਗੋਂ ਉਹ ਇਕ ਨੌਜੁਆਨ ਨਾਨਕ ਦੀ ਕਲਪਨਾ ਕਰਦਾ ਹੈ। ਉਸ ਅਨੁਸਾਰ ਨਾਨਕ ਨੌਜਵਾਨ ਪੀੜ੍ਹੀ ਦੇ ਪ੍ਰੇਰਣਾ ਸਰੋਤ ਹਨ। ਇਸ ਕਾਵਿ ਪੋਥੀ ਦੀ ਦਾਰਸ਼ਨਿਕ ਦ੍ਰਿਸ਼ਟੀ ਗੁਰਮਤਿ, ਸਿੱਖੀ ਦੇ ਅਸਲ ਸੰਦੇਸ਼ ਤੋਂ ਲੈ ਕੇ, ਸਮਕਾਲਿਕ ਵਾਤਾਵਰਣਿਕ ਸਮੱਸਿਆਵਾਂ, ਉਪਭੋਗਤਾਵਾਦ, ਨਾਰੀ ਦਾ ਦਮਨ, ਪੂਰਬ-ਪੱਛਮ

ਦੇ ਝਗੜੇ ਅਤੇ ਵਿਚਾਰਿਕ ਮਤਭੇਦ, ਝੂਠੇ ਬਾਬਿਆਂ ਅਤੇ ਗੁਰੂਆਂ ਦੇ ਨਕਲੀ ਮਾਇਆਜਾਲ ਤੱਕ ਫੈਲੀ ਹੋਈ ਹੈ। ਕਾਵਿ ਪੁਸਤਕ ਦਾ ਅਸਲ ਉਦੇਸ਼ ਗੁਰਬਾਣੀ ਦੀ ਤਾਰਕਿਕ ਸੋਚ ਦੇ ਆਲੇ ਦੁਆਲੇ ਘੁੰਮਦਾ ਹੈ, ਜਿਸ ਲਈ ਬਾਬੇ ਨਾਨਕ ਨੇ ਘਰ-ਬਾਰ ਤਿਆਗ ਕੇ ਆਪਣਾ ਸਾਰਾ ਜੀਵਨ ਅਰਪਿਤ ਕਰ ਦਿੱਤਾ। ਜੇਕਰ ਸਮਾਜ ਅਸਲ ਗੁਰਬਾਣੀ ਦੇ ਸੰਦੇਸ਼ ਨੂੰ ਹੀ ਆਪਣੇ ਮਨ ਵਿਚ ਵਸਾ ਲਵੇ ਤਾਂ ਸ਼ਾਇਦ ਸੰਸਾਰ ਦੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਮਿਲ ਜਾਣ ਜਿਸ ਨੂੰ ਹੱਲ ਕਰਨ ਵਿਚ ਵਿਗਿਆਨ ਵੀ ਅਸਫ਼ਲ ਹੋ ਰਹੀ ਹੈ। ਗੁਰਬਾਣੀ ਨੇ ਸੰਤੁਲਨ ਦੇ ਸਿਧਾਂਤ ਨੂੰ ਅਪਣਾਇਆ, ਚਾਹੇ ਉਹ ਅਮੀਰ-ਗਰੀਬ ਦਾ ਹੋਵੇ, ਚਾਹੇ ਵਾਤਾਵਰਣ ਦਾ। ਜ਼ਫ਼ਰ ਕੁਦਰਤੀ ਸੰਤੁਲਨ ਨੂੰ ਹੀ ਜੀਵਨ ਮੰਨਦਾ ਹੈ। ਕਾਵਿ ਪੋਥੀ ਦਾ ਉਦੇਸ਼ ਇਸੇ ਸੰਤੁਲਨ ਨੂੰ ਬਿਆਨ ਕਰਦਾ ਹੈ। ਕਵੀ ਆਪਣੀ 'ਪਿਰਾਮਿਡ' ਕਵਿਤਾ ਵਿਚ ਪੂਰਬ ਅਤੇ ਪੱਛਮ ਦੇ ਪਿਰਾਮਿਡਾਂ ਨੂੰ ਕੋਲ-ਕੋਲ ਲਿਆਉਣ ਦੀ ਗੱਲ ਆਖਦਾ ਹੈ। ਪੂਰਬ ਵਿਚ ਤਿਆਗਣਾ ਹੈ ਅਤੇ ਪੱਛਮ ਵਿਚ ਕੇਵਲ ਪ੍ਰਾਪਤ ਕਰਨਾ। ਪਰ ਅਸਲ ਦੋਹਾਂ ਦੇ ਵਿਚਕਾਰ ਹੈ। ਨਾ ਕੇਵਲ ਤਿਆਗਣਾ ਅਤੇ ਨਾ ਹੀ ਕੇਵਲ ਪ੍ਰਾਪਤ ਕਰਨਾ ਸਹੀ ਹੈ। ਸੋ ਕਾਵਿ ਪੋਥੀ ਇੱਕ ਸੰਜਮਮਈ ਜੀਵਨ ਵੱਲ ਇਸ਼ਾਰਾ ਕਰਦੀ ਹੈ। ਜੋ ਨਾਨਕ ਅਤੇ ਗੁਰਮਤਿ ਦਾ ਸਾਰ ਹੈ।

## 2.3 ਅਸੀਂ ਨਾਨਕ ਦੇ ਕੀ ਲੱਗਦੇ ਹਾਂ

### 1. ਜਾਣ-ਪਛਾਣ (Introduction):

ਜਸਵੰਤ ਜ਼ਫ਼ਰ ਪੰਜਾਬੀ ਸਮਕਾਲੀ ਸਾਹਿਤ ਦੇ ਸਿਰਮੌਰ ਅਤੇ ਬਹੁਮੁਖੀ ਪ੍ਰਤਿਭਾ ਵਾਲੇ ਸਖ਼ਸੀਅਤ ਹਨ। ਉਨ੍ਹਾਂ ਦਾ ਜਨਮ ਨੂਰ ਮਹਿਲ ਦੇ ਪਿੰਡ ਸੰਘੇ ਖਾਲਸਾ ਵਿਚ ਹੋਇਆ ਜਦਕਿ ਬਚਪਨ ਜੱਦੀ ਪਿੰਡ ਮਹਿਸਨਪੁਰ (ਫਲੌਰ) ਵਿਚ ਬੀਤਿਆ। ਜਸਵੰਤ ਜ਼ਫ਼ਰ ਨੇ ਗੁਰੂ ਨਾਨਕ ਇੰਜੀਨਿਯਰਿੰਗ ਕਾਲਜ ਲੁਧਿਆਣਾ ਤੋਂ ਡਿਗਰੀ ਹਾਸਿਲ ਕਰਕੇ ਪੰਜਾਬ ਬਿਜਲੀ ਬੋਰਡ ਵਿਚ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ। ਉਨ੍ਹਾਂ ਨੂੰ ਦਾਰਸ਼ਨਿਕ ਕਵੀ ਵੀ ਆਖਿਆ ਜਾਂਦਾ ਹੈ। ਪੇਸ਼ੇ ਤੋਂ ਇੰਜੀਨੀਅਰ ਹੋਣ ਦੇ ਬਾਵਜੂਦ ਉਨ੍ਹਾਂ ਦਾ ਪੰਜਾਬੀ ਨਾਲ ਮੋਹ ਉਨ੍ਹਾਂ ਦੁਆਰਾ ਰਚਿਤ ਸਾਹਿਤ ਵਿਚ ਸਾਫ਼ ਨਜ਼ਰ ਆਉਂਦਾ ਹੈ। ਜ਼ਫ਼ਰ ਨੇ ਆਪਣੇ ਸਹਿੱਤਕ ਸਫ਼ਰ ਦੀ ਸ਼ੁਰੂਆਤ ਇੱਕ ਕਵੀ ਦੇ ਤੌਰ ਉੱਤੇ ਕੀਤੀ ਅਤੇ ਬਾਦ ਵਿਚ ਨਾਟਕ ਦੇ ਖੇਤਰ ਵਿਚ ਵੀ ਉਹ ਆ ਚੁੱਕੇ ਹਨ। ਉਨ੍ਹਾਂ ਦੁਆਰਾ ਰਚੇ ਸਾਹਿਤ ਦੇ ਜ਼ਿਆਦਾਤਰ ਹਿੱਸੇ ਗੁਰਬਾਣੀ, ਗੁਰਮਤਿ ਅਤੇ ਸਿੱਖੀ ਨਾਲ ਸੰਬੰਧਤ ਰਹੇ ਹਨ। ਜਸਵੰਤ ਜ਼ਫ਼ਰ ਆਪ ਮੰਨਦੇ ਹਨ

ਕਿ ਉਨ੍ਹਾਂ ਨੇ ਆਪਣੀ ਸ਼ਾਇਰੀ ਵਿਚ ਸਿੱਖ ਇਤਿਹਾਸ ਦੇ ਮਹਾਨ ਕਰਮੀਆਂ ਅਤੇ ਭਾਰਤ ਦੀ ਆਜ਼ਾਦੀ ਲਈ ਲੜਨ ਵਾਲੇ ਯੋਧਿਆਂ ਨੂੰ ਰੋਲ-ਮਾਡਲ ਬਣਾਇਆ ਹੈ।

ਜਸਵੰਤ ਜ਼ਫ਼ਰ ਦਾ ਕਾਵਿ ਸੰਗ੍ਰਹਿ "ਅਸੀਂ ਨਾਨਕ ਦੇ ਕੀ ਲਗਦੇ ਹਾਂ" 2001 ਵਿਚ ਛਾਪਿਆ ਗਿਆ। ਹਾਲਾਂਕਿ ਸੰਗ੍ਰਿਹ ਵਿਚ ਵੱਖ-ਵੱਖ ਵਿਸ਼ਿਆ ਉੱਪਰ ਲਿਖੀਆਂ ਗਈਆਂ 39 ਵਿਭਿੰਨ ਕਵਿਤਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਪਰ ਇਸਦਾ ਮੂਲ ਸਰੋਕਾਰ ਨਾਨਕ ਦੀ ਬਾਣੀ, ਗੁਰਮਤਿ ਸੰਦੇਸ਼, ਨੈਤਿਕਤਾ ਨਾਲ ਸੰਬੰਧਤ ਹੈ। ਜ਼ਿਆਦਾਤਰ ਕਵਿਤਾਵਾਂ ਵਿਅੰਗਮਈ ਸ਼ੈਲੀ ਵਿਚ ਲਿਖੀਆਂ ਗਈਆਂ ਹਨ। ਮੁੱਖ ਕਵਿਤਾ "ਅਸੀਂ ਨਾਨਕ ਦੇ ਕੀ ਲਗਦੇ ਹਾਂ", 'ਨਾਨਕ', 'ਗੁਰਮੁਖ ਸਿੰਘ', 'ਨੁੱਕਰ ਤੋਂ ਵਿਚਕਾਰ' ਸਿੱਧੇ ਤੌਰ ਉੱਤੇ ਨਾਨਕ ਦੇ ਜੀਵਨ ਉਸਦੇ ਅਸਲ ਸੰਦੇਸ਼ ਅਤੇ ਇਸ ਸੰਦੇਸ਼ ਨੂੰ ਕਿਵੇਂ ਆਪਣੀ ਸਹੂਲਤ ਅਨੁਸਾਰ ਨਾਨਕ ਦੇ ਪੈਰੋਕਾਰਾਂ ਨੇ ਆਪਣੇ ਕੰਮ-ਧੰਦਿਆਂ ਲਈ ਵਰਤਿਆ ਉਸ ਨਾਲ ਸੰਬੰਧਿਤ ਹਨ। 'ਰੁੱਖ ਰੋਮ' ਕਵਿਤਾ ਉਸ ਸਿੰਘ ਉੱਤੇ ਵਿਅੰਗ ਹੈ ਜੋ ਬਾਣੀ ਦਾ ਰਟੰਤੂ ਤੋਤਾ ਹੈ ਪਰ ਉਸਦੇ ਅਸਲ ਨੂੰ ਨਾ ਤਾ ਮਹਿਸੂਸ ਕਰਦਾ ਹੈ ਅਤੇ ਨਾ ਹੀ ਆਪਣੇ ਜੀਵਨ ਵਿਚ ਅਪਣਾਉਂਦਾ ਹੈ। ਇਹ ਕਵਿਤਾ ਪ੍ਰਕਿਰਤੀ ਦੇ ਮੁੱਲਵਾਨ ਸੋਮਿਆਂ ਦੇ ਰੱਖ-ਰਖਾਵ ਦਾ ਸੰਦੇਸ਼ ਦਿੰਦੀ ਹੈ। 'ਭਾਈ ਘਨੱਈਆ' ਕਵਿਤਾ ਅਸਲ ਸਿੱਖ, ਸਿਰ ਅਤੇ ਸੀਸ ਵਿਚਲੇ ਅੰਤਰ ਨੂੰ ਸਪਸ਼ਟ ਕਰਦੀ ਹੈ। 'ਮੁਕਤੇ' ਕਵਿਤਾ ਗੁਰੂ ਦੇ ਸਾਹਮਣੇ ਅਰਪਣ ਸਮਰਪਣ ਦੀ ਭਾਵਨਾ ਨਾਲ ਭਰੀ ਹੋਈ ਹੈ। ਇਹ ਉਸ ਵੇਲੇ ਨੂੰ ਯਾਦ ਕਰਵਾਉਂਦੀ ਹੈ ਜਦੋਂ ਗੁਰੂ ਦੇ ਦਿਖਾਏ ਰਸਤੇ ਤੋਂ ਭਟਕੇ ਹੋਇਆ ਨੂੰ ਸਮਾਜ ਵਿਚ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਸੀ। ਕਵੀ ਇਸ ਦੀ ਤੁਲਨਾ ਅਜੋਕੇ ਸਮਿਆਂ ਨਾਲ ਕਰਦਾ ਹੈ, ਜਿੱਥੇ ਕਈ ਸਿੱਖ ਗੁਰੂ ਦੇ ਰਸਤੇ ਤੋਂ ਭਟਕੇ ਹੋਏ ਹਨ ਪਰ ਫ਼ਿਰ ਵੀ ਸਮਾਜ ਵਿਚ ਉਨ੍ਹਾਂ ਦਾ ਰੁਤਬਾ ਉਨ੍ਹਾਂ ਦੀ ਤਾਕਤ ਦੀ ਬਦੌਲਤ ਬਣਿਆ ਹੋਇਆ ਹੈ। 'ਪਵਣੁ ਗੁਰੂ', 'ਮਾਤਾ ਧਰਤੀ', 'ਦਿਵਸੁ ਰਾਤਿ' ਜੀਵਨ ਲਈ ਹਵਾ ਅਤੇ ਧਰਤੀ ਦੇ ਮਹੱਤਵ ਨੂੰ ਬਿਆਨ ਕਰਦੀਆਂ ਹਨ। 'ਪੰਛੀ', 'ਅਜ਼ਾਦੀ', 'ਸੁਪਨਾ' ਕਵਿਤਾਵਾਂ ਸੁਤੰਤਰ ਜੀਵਨ ਲਈ ਕਵੀ ਦੀ ਕਾਲਪਨਿਕ ਦੀ ਉਡਾਰੀ ਹਨ। 'ਸ਼ਹਿਰ', 'ਇਹ ਵੇਲਾ' ਕਵਿਤਾਵਾਂ ਆਧੁਨਿਕ ਉਪਭੋਗਵਾਦੀ ਜੀਵਨ ਦੇ ਸ਼ੋਰ ਸ਼ਰਾਬੇ ਦਾ ਅਹਿਸਾਸ ਕਰਵਾਉਂਦੀਆਂ ਹਨ। ਕੁਝ ਕਵਿਤਾਵਾਂ ਦੀਆਂ ਸੰਕਲਪਨਾਵਾਂ ਵਿਗਿਆਨ ਤੋਂ ਲਈਆਂ ਗਈਆਂ ਹਨ। ਕਵਿਤਾ 'ਜ਼ੀਰੋ', 'ਸਿਫ਼ਰ ਸੱਭਿਆਚਾਰ', 'ਕੰਪੀਟੀਸ਼ਨ', 'ਪਿਰਾਮਿਡ' ਪਿੱਛੇ ਵਿਗਿਆਨਕ ਦਰਸ਼ਨ (Philosophy) ਕਾਰਜ ਕਰ ਰਿਹਾ ਹੈ। ਪਰ ਇਹ ਵਿਗਿਆਨਕ ਸ਼ਬਦਾਵਲੀ ਅਤੇ ਸੰਕਲਪਨਾ ਕਵਿਤਾ ਵਿਚ ਵਰਤਮਾਨ

ਸਮੱਸਿਆਵਾਂ ਦੀ ਤਰਜਮਾਨੀ ਕਰਦੇ ਹੋਏ ਇੱਕ ਨੈਤਿਕ ਸੰਦੇਸ਼ ਹੋ ਨਿਬੜਦੀ ਹੈ। ਜਸਵੰਤ ਜ਼ਫ਼ਰ ਨੇ ਇਸ ਕਾਵਿ ਪੋਥੀ ਨੂੰ ਵਿਗਿਆਨਕ ਸਟੀਫ਼ਨ ਹਾਕਿਨਜ਼ ਅਤੇ ਉਨ੍ਹਾਂ ਦੀ ਪਤਨੀ ਨੂੰ ਸਮਰਪਿਤ ਕੀਤਾ ਹੈ। ਇਹ ਜ਼ਫ਼ਰ ਆਪ ਵਿਗਿਆਨ ਦੇ ਵਿਸ਼ੇ ਨਾਲ ਸੰਬੰਧਿਤ ਹੋਣ ਦੀ ਤਰਜਮਾਨੀ ਕਰਦਾ ਹੈ, ਕਿਉਂਕਿ ਜ਼ਫ਼ਰ ਆਪ ਪੇਸ਼ੇ ਤੋਂ ਇੱਕ ਇੰਨਜੀਨੀਅਰ ਹਨ। ਉਨ੍ਹਾਂ ਦੀਆਂ ਕਵਿਤਾਵਾਂ ਦੇ ਵਿਸ਼ੇ ਚਾਹੇ ਗੁਰਮਤਿ ਵਿਚਾਰਧਾਰਾ ਨਾਲ ਸੰਬੰਧਤ ਕਿਉਂ ਨਾ ਹੋਣ ਪਰ ਫਿਰ ਵੀ ਉਨ੍ਹਾਂ ਵਿਚ ਵਿਗਿਆਨਕ ਰਸ ਜ਼ਰੂਰ ਸ਼ਾਮਿਲ ਰਹਿੰਦਾ ਹੈ। 'ਅਸੀਂ ਨਾਨਾਕ ਦੇ ਕੀ ਲਗਦੇ ਹਾਂ' ਕਾਵਿ ਪੋਥੀ ਵਿਚ ਵੀ ਇਹ ਕਈ ਕਵਿਤਾਵਾਂ ਵਿਚ ਸ਼ਾਮਿਲ ਹੈ। ਇਹ ਜਸਵੰਤ ਜ਼ਫ਼ਰ ਦੀ ਪ੍ਰਬੀਣਤਾ ਹੈ ਕਿ ਉਹ ਵਿਗਿਆਨ ਜਿਹੇ ਅਸੰਵੇਦਨਸ਼ੀਲ ਅਤੇ ਰੁੱਖੇ ਵਿਸ਼ੇ ਨੂੰ ਰਸੀਲਾ ਬਣਾ ਦਿੰਦਾ ਹੈ। ਕਾਵਿ ਪੋਥੀ ਕਵਿਤਾ ਦੇ ਖੇਤਰ ਵਿਚ ਕਈ ਨਵੀਆਂ ਸੰਕਲਪਨਾਵਾਂ, ਭਾਵਨਾਵਾਂ, ਵਿਸ਼ਿਆਂ ਦੀ ਸ਼ੁਰੂਆਤ ਕਰਦੀ ਹੈ।

## 2.4. ਸਮੱਗਰੀ (Content Section)

### ਜਸਵੰਤ ਜ਼ਫ਼ਰ ਦੀ ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਦੀਆਂ ਚੋਣਵੀਆਂ ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ

ਨਾਨਕ ਤਾਂ ਪਹਿਲੇ ਦਿਨ ਹੀ
ਵਿਦਿਆਲੇ ਨੂੰ
ਵਿਦਿਆ ਦੀ **ਵਲਗਣ** ਨੂੰ
ਰੱਦ ਕਰ ਕੇ ਘਰ ਮੁੜੇ
ਘਰ ਮੁੜੇ ਘਰੋਂ ਜਾਣ ਲਈ
ਘਰੋਂ ਗਏ ਘਰ ਨੂੰ **ਵਿਸਥਰਾਣ** ਲਈ
ਵਿਸ਼ਾਲਣ ਲਈ
ਅਸੀਂ ਨਾਨਕ ਵਾਂਗ ਵਿਦਿਆਲੇ ਨੂੰ ਨਕਾਰ ਨਹੀਂ ਸਕਦੇ
ਨਾਨਕ ਨਾਮ ਤੇ ਵਿਦਿਆਲੇ ਉਸਾਰ ਸਕਦੇ ਹਾਂ
ਗੁਰੂ ਨਾਨਕ ਵਿਦਿਆਲਾ

ਗੁਰੂ ਨਾਨਕ ਮਹਾਂਵਿਦਿਆਲਾ

ਗੁਰੂ ਨਾਨਕ ਵਿਸ਼ਵਵਿਦਿਆਲਾ

ਵਿਦਿਆਲੇ ਦੇ **ਸੋਧੇ ਪ੍ਰਬੋਧੇ** ਅਸੀਂ

ਗਿਆਨੀ

ਵਿਦਿਆ ਦਾਨੀ

ਘਰਾਂ ਦੇ ਕੈਦੀ

**ਪਤਵੰਤੇ** ਸੱਜਣ

ਨਾਨਕ ਦੇ ਕੀ ਲੱਗਦੇ ਹਾਂ।

**ਪ੍ਰਸੰਗ:**

ਇਹ ਕਾਵਿ ਸਤਰਾਂ ਜਸਵੰਤ ਜ਼ਫ਼ਰ ਦੁਆਰਾ ਰਚਿਤ ਕਾਵਿ ਪੁਸਤਕ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਸਿਰਲੇਖ ਅਧੀਨ ਦਰਜ ਹੈ। ਇਨ੍ਹਾਂ ਸਤਰਾਂ ਵਿਚ ਕਵੀ ਨਾਨਕ ਦੇ ਅਸਲ ਸੰਦੇਸ਼ ਨੂੰ ਗੂੜ੍ਹੇ ਅਰਥਾਂ ਅਤੇ ਵਿਅੰਗਮਈ ਸ਼ੈਲੀ ਦੇ ਰੂਪ ਵਿਚ ਬਿਆਨ ਕਰਦਾ ਹੈ।

**ਵਿਆਖਿਆ:**

ਇਹ ਕਵਿਤਾ ਨਾਨਕ ਦੀ ਅਸਲ ਸਿੱਖਿਆ ਅਤੇ ਸੰਦੇਸ਼ ਨਾਲ ਸੰਬੰਧਤ ਹੈ। ਨਾਨਕ ਨੇ ਆਪਣੇ ਘਰ-ਬਾਰ ਨੂੰ ਤਿਆਗ ਕੇ ਮਾਨਵਤਾ ਦੀ ਭਲਾਈ ਦਾ ਸੰਦੇਸ਼ ਦਿੱਤਾ। ਉਸਨੇ ਆਪਣੇ ਪਰਿਵਾਰ ਨੂੰ ਨਹੀਂ ਪਾਲਿਆ ਉਸਨੇ ਰੱਬ ਦੇ ਨਾਮ ਉੱਤੇ ਕੋਈ ਵਪਾਰ ਨਹੀਂ ਕੀਤਾ।ਪਰ ਅਸੀਂ ਨਾਨਕ ਦੇ ਅਸਲ ਸੰਦੇਸ਼ ਨੂੰ ਭੁੱਲ ਚੁੱਕੇ ਹਾਂ, ਅਸਾਂ ਨਾਨਕ ਦੇ ਨਾਮ ਦਾ ਇਸਤੇਮਾਲ ਕਰਕੇ ਉਸਦੇ ਨਾਮ ਨੂੰ ਵਪਾਰਕ ਚੀਜ਼ ਬਣਾ ਦਿੱਤਾ ਹੈ। ਉਸਦੇ ਨਾਮ ਉੱਤੇ ਕਈ ਯੂਨੀਵਰਸਿਟੀਆਂ, ਕਾਲਜ, ਮਹਾਂਵਿਦਿਆਲੇ ਸਥਾਪਿਤ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਦਾ ਵਾਸਤਾ ਨਾਨਕ ਦੇ ਅਸਲ ਸੰਦੇਸ਼ ਨਾਲ ਨਹੀਂ ਸਗੋਂ ਵਿੱਦਿਆ ਦੇ ਵਪਾਰ ਤੇ ਉਸਦੀ ਦਾਸਤਾ ਨਾਲ ਹੈ।ਕਵੀ ਪ੍ਰਸ਼ਨਾਤਮਕ ਸ਼ੈਲੀ ਵਿਚ ਵਿਅੰਗ ਕੱਸਦਾ ਹੈ ਕਿ ਨਾਨਕ ਦੇ ਨਾਮ ਉੱਤੇ ਬਣੇ ਵਿੱਦਿਆ ਸੰਸਥਾਨਾਂ ਵਿਚ ਵਿੱਦਿਆ ਦਾ ਦਾਨ ਕਰਨ ਵਾਲੇ

ਨਾਨਕ ਦੀ ਸੁਤੰਤਰ ਸੋਚ ਨੂੰ ਕਿਵੇਂ ਵਿਦਿਆਰਥੀਆਂ ਤੱਕ ਪਹੁੰਚਾ ਸਕਦੇ ਹਨ ਜਦਕਿ ਉਹ ਆਪ ਘਰਾਂ ਦੇ ਕੈਦੀ ਹਨ ਅਰਥਾਤ ਲਾਲਸਾ ਅਤੇ ਦੁਨੀਆਵੀ ਮਾਮਲਿਆਂ ਵਿਚ ਜਕੜੇ ਹੋਏ ਹਨ। ਨਾਨਕ ਦੇ ਨਾਮ ਉੱਤੇ ਬਣਨ ਵਾਲੇ ਵਿਦਿਆਲੇ ਰੋਜ਼ਗਾਰ ਲੱਭਣ ਵਾਲੇ ਨੌਕਰਾਂ ਦੀ ਜਮਾਤ ਨੂੰ ਪੈਦਾ ਕਰ ਰਹੇ ਹਨ। ਗਿਆਨ ਦੀ ਗੁਲਾਮੀ ਪੈਦਾ ਕਰ ਰਹੇ ਹਨ। ਨਾਨਕ ਦੇ ਸੁਤੰਤਰ ਅਤੇ ਮਾਨਵਤਾਵਾਦੀ ਦ੍ਰਿਸ਼ਟੀਕੋਣ ਨੂੰ ਗਿਆਨ ਦੀ ਪਰੰਪਰਾ ਰਾਹੀਂ ਅੱਗੇ ਪੁੰਹਚਾਉਣ ਵਿਚ ਇਹ ਵਿਦਿੱਅਕ ਸੰਸਥਾਨ ਅਸਫਲ ਰਹੇ ਹਨ। ਗੁਰਮਤਿ ਵਿਚ ਵਿਸ਼ਵਾਸ਼ ਕਰਨ ਵਾਲਿਆਂ ਨੂੰ ਕੇਵਲ ਵਿਦਿੱਅਕ ਅਦਾਰਿਆਂ ਦੇ ਨਾਮਕਰਣ ਨਾਲ ਹੀ ਸਤੁੰਸ਼ਟੀ ਨਹੀਂ ਕਰ ਲੈਣੀ ਚਾਹੀਦੀ ਸਗੋਂ ਨਾਨਕ ਦੇ ਜੀਵਨ ਅਤੇ ਉਸਦੇ ਮਾਨਵਵਾਦੀ ਸੰਦੇਸ਼ ਨੂੰ ਵੀ ਵਿੱਦਿਆ ਦਾ ਅਧਾਰ ਬਣਾਉਣਾ ਚਾਹੀਦਾ ਹੈ।

ਮਾਫ਼ ਕਰਨਾ
ਸਾਡੇ ਲਈ ਬਹੁਤ ਮੁਸ਼ਕਿਲ ਹੈ
ਨਾਨਕ ਦੀ ਅਸਲੀ ਤਸਵੀਰ ਦਾ **ਧਿਆਨ ਧਰਨਾ**
ਪੈਂਡੇ ਦੀ ਧੂੜ ਨਾਲ **ਲੱਥ-ਪੱਥ ਪਿੰਜਣੀਆਂ**
**ਤਿੜਕੀਆਂ** ਅੱਡੀਆਂ
ਨ੍ਹੇਰੀ ਨਾਲ ਉਲਝੀ ਖੁਸ਼ਕ ਦਾਹੜੀ
**ਲੂੰਆਂ** ਬਰਫ਼ਾਂ ਦੀ **ਝੰਬੀ** ਚਮੜੀ
ਗੱਲਾਂ ਦਾ ਚਿਪਕਿਆ ਮਾਸ ਤੇ ਚਿਹਰੇ ਦੀਆਂ ਉਭਰੀਆਂ ਹੱਡੀਆਂ ਦੇ ਡੂੰਘ 'ਚ
**ਦਗਦੀਆਂ ਮਘਦੀਆਂ** ਤੇਜ਼ ਅੱਖਾਂ
ਅੱਖਾਂ ਜੋ
ਪਰਿਵਾਰ ਨੂੰ
ਸਰਕਾਰ ਨੂੰ
ਤੇ ਹਰ ਸੰਸਕਾਰ ਨੂੰ
**ਟਿੱਚ ਜਾਣਦੀਆਂ**
ਬਹੁਤ ਖ਼ਤਰਨਾਕ ਸਿੱਧ ਹੋ ਸਕਦੈ
ਸਾਡੇ ਲਈ ਅਸਲੀ ਨਾਨਕ

**ਪ੍ਰਸੰਗ:**

ਇਹ ਕਾਵਿ ਸਤਰਾਂ ਜਸਵੰਤ ਜ਼ਫ਼ਰ ਦੁਆਰਾ ਰਚਿਤ ਕਾਵਿ ਪੁਸਤਕ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ" ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ 'ਨਾਨਕ' ਸਿਰਲੇਖ ਅਧੀਨ ਦਰਜ ਹੈ। ਇਨ੍ਹਾਂ ਸਤਰਾਂ ਵਿਚ ਕਵੀ ਨਾਨਕ ਦੀ ਅਸਲ ਤਸਵੀਰ ਅਤੇ ਚਿੱਤਰਕਾਰ ਦੁਆਰਾ ਬਣਾਈ ਗਈ ਤਸਵੀਰ ਦੀ ਤੁਲਨਾ ਕਰਦਾ ਹੋਇਆ ਵਿਅੰਗਮਈ ਸ਼ੈਲੀ ਵਿਚ ਨਾਨਕ ਦੇ ਸੰਦੇਸ਼ ਨੂੰ ਪ੍ਰਚਾਰਦਾ ਹੈ।

**ਵਿਆਖਿਆ:**

ਕਵੀ ਦੇ ਅਨੁਸਾਰ ਨਾਨਕ ਦੇ ਅਸਲ ਸਰੂਪ ਦਾ ਧਿਆਨ ਕਰਨਾ ਬਹੁਤ ਔਖਾ ਹੈ। ਅਸੀਂ ਨਾਨਕ ਦੇ ਪ੍ਰਚਲਤ ਸ਼ਾਂਤ ਸਰੂਪ ਵਾਲੀ ਤਸਵੀਰ ਦਾ ਧਿਆਨ ਕਰਦੇ ਹਾਂ ਜੋ ਅਕਸਰ ਸਾਡੇ ਘਰਾਂ ਦੀਆਂ ਦੀਵਾਰਾਂ ਉੱਤੇ ਟੰਗੀ ਹੁੰਦੀ ਹੈ। ਪਰ ਨਾਨਕ ਦਾ ਅਸਲ ਸਰੂਪ ਅਜਿਹਾ ਨਹੀਂ ਸੀ। ਗੁਰੂ ਨਾਨਕ ਨੇ ਲੰਬੀਆਂ ਉਦਾਸੀਆਂ ਕੀਤੀਆਂ। ਉਨ੍ਹਾਂ ਦਾ ਅੱਧੇ ਤੋਂ ਵੱਧ ਜੀਵਨ ਸਫ਼ਰ ਵਿਚ ਹੀ ਬੀਤਿਆ। ਲੰਮੇ ਪੈਂਡਿਆਂ ਦੀ ਧੂੜ ਕਾਰਨ ਉਨ੍ਹਾਂ ਦੀਆਂ ਅੱਡੀਆਂ ਜ਼ਰੂਰ ਤਿੜਕ ਚੁੱਕੀਆਂ ਹੋਣਗੀਆਂ ਅਤੇ ਪਿੰਜਣੀਆਂ ਮੈਲੀਆਂ ਹੋ ਚੁੱਕੀਆਂ ਹੋਣਗੀਆਂ। ਸਰੀਰ ਤੇ ਦਾੜੀ ਉੱਤੇ ਸ਼ੀਤ ਪੌਣ ਅਤੇ ਖੁਸ਼ਕ ਹਵਾ ਦਾ ਅਸਰ ਹੋਵੇਗਾ। ਚਿਹਰਾ ਘਰਾਂ ਵਿਚ ਟੰਗੀ ਗੋਲ-ਮਟੋਲ ਗੱਲਾਂ ਵਾਲੀ ਤਸਵੀਰ ਜਿਹਾ ਨਹੀਂ ਸਗੋਂ ਚਿਹਰੇ ਉੱਤੇ ਡੂੰਘ ਹੋਣਗੇ। ਪਰ ਇਸਦੇ ਬਾਵਜੂਦ ਵੀ ਅੱਖਾਂ ਵਿਚ ਦ੍ਰਿੜ ਨਿਸ਼ਚਯ ਦਾ ਜ਼ਜ਼ਬਾ ਹੋਵੇਗਾ ਜੋ ਇੱਕ ਸੁਤੰਤਰ ਹੋਂਦ ਵਿਚ ਵਿਸ਼ਵਾਸ਼ ਕਾਰਨ ਕਿਸੇ ਵੀ ਸਰਕਾਰ, ਸੰਸਕਾਰ, ਪਰਵਾਰ ਦੀ ਪਰਵਾਹ ਨਹੀਂ ਕਰਦਾ। ਕਵੀ ਨਾਨਕ ਦੇ ਸ਼ਾਂਤ ਸਰੂਪ ਦੇ ਉਲਟ ਉਸਦੇ ਅਸਲ ਸਰੂਪ ਦਾ ਧਿਆਨ ਕਰਵਾ ਕੇ ਨਾਨਕ ਦੇ ਆਮ ਲੋਕਾਂ ਵਿਚ ਭੁਲਾ ਦਿੱਤੇ ਸੰਦੇਸ਼ ਨੂੰ ਬਿਆਨ ਕਰਦਾ ਹੈ। ਨਾਨਕ ਦਾ ਸਿੱਖ ਮਿਹਰਾਂ ਵਾਲਾ ਨਾਨਕ ਤਾਂ ਚਾਹੁੰਦਾ ਹੈ ਪਰ ਸਥਿਰ ਹੋ ਚੁੱਕੀ ਵਿਵਸਥਾ ਉੱਤੇ ਪ੍ਰਸ਼ਨ ਕਰਨ ਵਾਲੇ ਅਸਲ ਨਾਨਕ ਦੀ ਤਸਵੀਰ ਤੋਂ ਗੁਰੇਜ਼ ਕਰਦਾ ਹੈ।

ਗੁਰਮੁਖ ਸਿੰਘ ਤੇ ਬੜੀ ਮਿਹਰ ਹੈ ਉਸ ਗੁਰੂ ਦੀ
ਜਿਹਨਾਂ ਪਿਉ ਦੀ ਕਮਾਈ ਵੀ ਗੁਆ ਛੱਡੀ
ਕੋਈ ਬਿਜ਼ਨੈਸ ਕਰਨ ਦੀ ਬਜਾਏ

ਭੁੱਖੇ ਸਾਧੂਆਂ ਨੂੰ ਰੋਟੀ ਖੁਆ ਛੱਡੀ

ਜੋ **ਤੇਰਾ ਤੇਰਾ ਅਲ੍ਹਾਉਂਦੇ** ਰਹੇ

ਤੇ **ਮੋਦੀਖ਼ਾਨਾ** ਲੁਟਾਉਂਦੇ ਰਹੇ

ਗਾਉਂਦੇ ਰਹੇ **ਭਾਉਂਦੇ** ਰਹੇ ਸੁਣਦੇ ਰਹੇ ਅਤੇ ਸੁਣਾਉਂਦੇ ਰਹੇ

ਬੱਚੇ ਨਾ ਕਿਧਰੇ ਸੈੱਟ ਕੀਤੇ

ਬਸ **ਗੋਸ਼ਟੀਆਂ** ਈ ਰਚਾਉਂਦੇ ਰਹੇ

**ਪ੍ਰਸੰਗ:**

ਇਹ ਕਾਵਿ ਸਤਰਾਂ ਜਸਵੰਤ ਜ਼ਫ਼ਰ ਦੁਆਰਾ ਰਚਿਤ ਕਾਵਿ ਪੁਸਤਕ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ 'ਗੁਰਮੁਖ ਸਿੰਘ ਸਿਰਲੇਖ ਅਧੀਨ ਦਰਜ ਹੈ। ਇਨ੍ਹਾਂ ਸਤਰਾਂ ਵਿਚ ਕਵੀ ਨਾਨਕ ਦੇ ਆਪਣੇ ਹੱਥੀ ਕੀਤੇ ਵਪਾਰ ਅਤੇ ਅਜੋਕੇ ਸਮਿਆਂ ਵਿਚ ਨਾਨਕ ਦੇ ਨਾਮ ਉੱਤੇ ਕੀਤੇ ਜਾ ਰਹੇ ਵਪਾਰ ਦੇ ਫ਼ਰਕ ਨੂੰ ਵਿਅੰਗਮਈ ਸ਼ੈਲੀ ਵਿਚ ਪੇਸ਼ ਕਰਦਾ ਹੈ।

**ਵਿਆਖਿਆ:**

ਗੁਰਮੁਖ ਸਿੰਘ ਜਾਂ ਉਸਦੇ ਵਰਗੇ ਕਈ ਸਿੱਖ ਵਪਾਰੀ ਨਾਨਕ ਦੇ ਨਾਮ ਨੂੰ ਆਪਣੇ ਵਿੱਤੀ ਲਾਭ ਜਾਂ ਸਵਾਰਥ ਹਿੱਤ ਵਰਤਣਾ ਚਾਹੁੰਦੇ ਹਨ। ਨਾਨਕ ਦੇ ਉਪਦੇਸ਼ ਅਨੁਸਾਰ ਕੋਈ ਚੱਲਣ ਨੂੰ ਤਿਆਰ ਨਹੀਂ। ਲੋਕ ਗੁਰੂ ਨਾਨਕ ਦੀ ਬਖਸ਼ਿਸ਼ ਤਾਂ ਚਾਹੁੰਦੇ ਹਨ ਪਰ ਉਸਦੇ ਦਿਖਾਏ ਮਾਰਗ ਉੱਤੇ ਤੁਰਨਾ ਨਹੀਂ ਚਾਹੁੰਦੇ। ਨਾਨਕ ਨੂੰ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਨੇ ਜੋ ਪੈਸੇ ਵਪਾਰ ਕਰਨ ਲਈ ਦਿੱਤੇ ਸਨ ਉਸ ਨਾਲ ਨਾਨਕ ਨੇ ਭੁੱਖੇ ਸਾਧੂਆਂ ਨੂੰ ਰੋਟੀ ਖੁਆ ਦਿੱਤੀ। ਮੋਦੀਖ਼ਾਨੇ ਦੇ ਦਰਵਾਜ਼ੇ 'ਤੇਰਾ-ਤੇਰਾ' ਕਰਦੇ ਹੋਏ ਗਰੀਬਾਂ ਲਈ ਖੋਲ੍ਹ ਦਿੱਤੇ। ਸਾਰੀ ਉਮਰ ਘੁੰਮਦੇ ਰਹੇ ਆਪਣੇ ਪਰਿਵਾਰ ਤੇ ਬੱਚਿਆਂ ਨੂੰ ਕਦੀ ਸੈੱਟ ਕਰਨ ਬਾਰੇ ਨਹੀਂ ਸੋਚਿਆ। ਮਾਨਵਤਾ ਨੂੰ ਅੰਧਕਾਰ ਵਿਚੋਂ ਬਾਹਰ ਕੱਢਣ ਲਈ ਥਾਂ-ਥਾਂ ਘੁੰਮਦੇ ਹੋਏ ਗੋਸ਼ਟੀਆਂ ਰਚਾਉਂਦੇ ਰਹੇ। ਪਰ ਨਾਨਕ ਦੇ ਸਿੱਖ ਉਨ੍ਹਾਂ ਦੇ ਜੀਵਨ ਫ਼ਲਸਫ਼ੇ ਨੂੰ ਭੁੱਲ ਚੁੱਕੇ ਹਨ। ਨਾਨਕ ਦੇ ਸਿੱਖਾਂ ਨੇ ਵਪਾਰ ਕਰਨ ਦੇ ਤਰੀਕੇ ਬਦਲ ਦਿੱਤੇ ਹਨ। ਵਪਾਰ ਗਰੀਬਾਂ ਦੇ ਖ਼ੂਨ ਨੂੰ ਨਿਚੋੜਨ, ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੈੱਟ ਕਰਨ, ਸ਼ਰਧਾ ਦੇ ਬਦਲੇ ਅਪਾਰ

ਕਿਰਪਾ ਪ੍ਰਾਪਤ ਕਰਨ ਉੱਤੇ ਕੇਂਦਰਿਤ ਹੋ ਚੁੱਕਿਆ ਹੈ।

ਨੁੱਕਰ ਵਿਚ ਸੀ ਸ਼ਬਦ ਨਾਨਕ
ਆ ਰਿਹਾ ਵਿਚਕਾਰ
ਮੰਨਿਆ ਕਿ ਸ਼ਰਧਾਲੂ ਸ਼ਬਦੋਂ
ਸਭ ਤੁਹਾਡਾ ਉਪਕਾਰ
ਨਾਨਕ ਆ ਰਹੇ ਵਿਚਕਾਰ
ਅੱਗੇ ਚਾਰ ਪਿੱਛੇ ਚਾਰ
ਸ਼ਰਧਾ ਪੂਜਾ ਜੈ ਜੈ ਕਾਰ
ਨਾਨਕ ਘਿਰ ਗਏ ਵਿਚਕਾਰ
...........ਖੜੋ ਨਾ **ਝੁਰਮਟ** ਮਾਰ
ਹੋਣ ਦਿਉ ਪਾਸਾਰ
ਚਹੁੰ ਤਰਫ਼ੋਂ ਜਲਦੇ ਜਗਤ ਨੂੰ
ਦੇਵੋ ਕਰਨ **ਦੀਦਾਰ**
ਨਾਨਕ ਪਹੁੰਚ ਗਏ ਵਿਚਕਾਰ

**ਪ੍ਰਸੰਗ:**

ਇਹ ਕਾਵਿ ਸਤਰਾਂ ਜਸਵੰਤ ਜ਼ਫ਼ਰ ਦੁਆਰਾ ਰਚਿਤ ਕਾਵਿ ਪੁਸਤਕ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ 'ਨੁੱਕਰ ਤੋਂ ਵਿਚਕਾਰ' ਸਿਰਲੇਖ ਅਧੀਨ ਦਰਜ ਹੈ। ਇਨ੍ਹਾਂ ਸਤਰਾਂ ਵਿਚ ਕਵੀ ਨਾਨਕ ਦੇ ਫ਼ਲਸਫ਼ੇ ਨੂੰ ਸੀਮਾਵਾਂ ਦੇ ਬੰਧਨਾਂ ਤੋਂ ਪਾਰ ਹੋ ਕੇ ਦੂਰ-ਦੂਰ ਤੱਕ ਫੈਲਾਉਣ ਦਾ ਸੰਦੇਸ਼ ਦਿੰਦਾ ਹੈ।

**ਵਿਆਖਿਆ:**

ਕਵੀ ਅਨੁਸਾਰ 'ਨਾਨਕ' ਅਤੇ ਉਨ੍ਹਾਂ ਦੀ ਵਿਚਾਰਧਾਰਾ ਅਡੰਬਰਾਂ, ਸੌੜੇ ਹਿੱਤਾਂ ਅਤੇ ਝੂਠੀ ਸ਼ਰਧਾ ਦੇ ਵਿਚਕਾਰ ਘਿਰ ਚੁੱਕੀ ਹੈ। ਨਾਨਕ ਦੇ ਉਪਦੇਸ਼ ਤੇ ਸੰਦੇਸ਼ ਨੂੰ ਉਸਦੇ ਪੈਰੋਕਾਰ ਸੀਮਾਵਾਂ

ਵਿਚ ਬੰਨਣਾ ਚਾਹੁੰਦੇ ਹਨ ਪਰ ਕਵੀ ਦਾ ਮਨ ਹੈ ਕਿ ਨਾਨਕ ਦੇ ਸਿਧਾਂਤ ਨੂੰ ਚਹੁੰ ਪਾਸੀ ਫੈਲ ਜਾਣ ਦਿਉ। ਉਸਦਾ ਪਾਸਾਰ ਹੋਣ ਦਿਉ। ਝੁਰਮੁਟ ਪਾ ਕੇ ਉਸ ਉੱਤੇ ਕਬਜ਼ਾ ਨਾ ਕਰੋ। ਨਾਨਕ ਦਾ ਸੰਦੇਸ਼ ਵਿਸਥਾਰ ਅਤੇ ਫੈਲਾਉ ਦੀ ਮੰਗ ਕਰਦਾ ਹੈ। ਜਗਤ ਵਿਚ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਲਈ ਨਾਨਕ ਦੇ ਗਿਆਨ ਰੂਪੀ ਪ੍ਰਕਾਸ਼ ਨੂੰ ਫੈਲਣ ਵਿਚ ਰੁਕਾਵਟ ਨਹੀਂ ਬਣਨਾ ਚਾਹੀਦਾ।

ਸਿੰਘ ਜੀ ਦੇ ਘਰ ਸਾਹਮਣੇ
ਸੜਕ ਦੇ ਦੂਜੇ ਪਾਰ
ਖਾਵ੍ਹਿਆ ਕਰੇਗੀ ਕਾਰ
ਜਿੱਥੇ ਅੱਜ ਕੱਲ੍ਹ ਖੜਾ ਹੈ ਇਕ ਬੀਬਾ ਰੁੱਖ
ਸਿੰਘ ਜੀ ਕਹਿੰਦੇ-
ਇਸਨੂੰ ਦੇਵੋ ਚੁੱਕ
ਕਰ ਦਿਉ ਇਹ ਥਾਂ ਸਾਫ਼
ਰੁੱਖ ਨੂੰ ਕਰੋ ਖਲਾਸ
ਨਿੱਕੀ ਜਿਹੀ ਗੱਲ ਤੇ ਰੁੱਖ ਦਾ ਕਤਲ?
ਸਿੰਘ ਜੀ, ਤੁਸੀਂ ਇੰਜ ਨਾ ਕਰੋ
ਰੋਜ਼ ਸਵੇਰੇ ਪੜ੍ਹਦੇ ਜਿਹੜੀ
ਬਾਨੀ ਦਾ ਜ਼ਰਾ ਧਿਆਨ ਧਰੋ-
*"ਮਾਤਾ ਧਰਤੀ ਮਹਤੁ"*

**ਪ੍ਰਸੰਗ:**

ਇਹ ਕਾਵਿ ਸਤਰਾਂ ਜਸਵੰਤ ਜ਼ਫ਼ਰ ਦੁਆਰਾ ਰਚਿਤ ਕਾਵਿ ਪੁਸਤਕ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ 'ਰੁੱਖ ਰੋਮ' ਸਿਰਲੇਖ ਅਧੀਨ ਦਰਜ ਹੈ। ਇਨ੍ਹਾਂ ਸਤਰਾਂ ਵਿਚ ਕਵੀ ਨਾਨਕ ਦੇ ਪ੍ਰਕਿਰਤਕ ਸੰਦੇਸ਼ ਅਤੇ ਅਜੋਕੇ ਸਿੰਘ ਦੇ ਉੱਤੇ ਅਮਲ ਕਰਨ ਨੂੰ ਵਿਅੰਗਮਈ ਢੰਗ ਨਾਲ ਪੇਸ਼ ਕਰਦਾ ਹੈ।

**ਵਿਆਖਿਆ:**

ਇਸ ਕਾਵਿ ਟੁਕੜੀ ਦਾ ਮੂਲ ਸੰਦੇਸ਼ ਪਾਠ ਪੁਸਤਕ ਦੇ ਸਾਰ ਸੰਦੇਸ਼ ਜਿਹਾ ਹੀ ਹੈ ਜਿਸ ਵਿਚ ਨਾਨਕ ਨੂੰ ਮੰਨਣ ਵਾਲਿਆਂ ਨੇ ਉਸਦੇ ਸੰਦੇਸ਼ ਤੇ ਬਾਣੀ ਨੂੰ ਆਪਣੀਆਂ ਲੋੜਾਂ ਅਨੁਸਾਰ ਜਾਂ ਤਾਂ ਦਰਨਿਕਾਰ ਕਰ ਦਿੱਤਾ ਹੈ ਜਾਂ ਆਪਣੇ ਸਵਾਰਥ ਅਨੁਸਾਰ ਢਾਲ ਲਿਆ ਹੈ। ਨਾਨਕ ਦੀ ਬਾਣੀ ਅਮਲ ਕਰਨ ਦਾ ਨਹੀਂ ਕੇਵਲ ਪੜ੍ਹਨ ਦਾ ਵਿਸ਼ਾ ਬਣ ਕੇ ਰਹਿ ਗਈ ਹੈ। ਇਕ ਸਿੰਘ ਸੱਜਿਆ ਸਰਦਾਰ ਜਿਸਨੂੰ ਗੁਰੂ ਨੇ ਪੰਜਾਂ ਬਾਣੀਆਂ ਦੇ ਪਾਠ ਦੀ ਨਸੀਹਤ ਨਾਲ ਨਵਾਜ਼ਿਆ ਜਾਂਦਾ ਹੈ ਉਸ ਲਈ ਵੀ ਬਾਣੀ ਕੇਵਲ ਰਟੰਤੂ ਤੋਤੇ ਵਾਂਗੂ ਹੀ ਹੈ। ਗੁਰੂ ਦਾ ਸਿੰਘ ਨਾਨਕ ਦੀ ਬਾਣੀ ਵਿਚ ਧਰਤ ਨੂੰ ਮਾਂ ਰੂਪ ਵਿਚ ਪੜ੍ਹਦਾ ਹੈ ਪਰ ਛੋਟੀਆਂ ਛੋਟੀਆਂ ਜ਼ਰੂਰਤਾਂ ਲਈ ਉਸ ਧਰਤ ਨੂੰ ਪੀੜਾ ਦੇਣ ਤੋਂ ਗੁਰੇਜ਼ ਨਹੀਂ ਕਰਦਾ। ਕਵੀ ਵੇਲ ਬੂਟਿਆਂ ਨੂੰ ਧਰਤ ਮਾਂ ਦੇ ਰੋਮ ਕਹਿੰਦਾ ਹੈ। ਜੰਗਲਾਂ ਨੂੰ ਉਸਦੇ ਕੇਸ ਕਹਿੰਦਾ ਹੈ। ਪਰ ਜਦੋਂ ਇੱਕ ਸਿੰਘ ਸਰਦਾਰ ਜੋ ਆਪ ਕੇਸਾਂ ਦਾ ਪ੍ਰਚਾਰਕ ਹੈ, ਕਾਰ ਨੂੰ ਖੜਾ ਕਰਨ ਲਈ ਰੁੱਖ ਨੂੰ ਕੱਟਣ ਤੋਂ ਗੁਰੇਜ਼ ਨਹੀਂ ਕਰਦਾ ਤਾਂ ਕਵੀ ਨਾਨਕ ਦੀ ਬਾਣੀ ਵਿਚਲੇ ਪ੍ਰਕਿਰਤੀ ਸੰਦੇਸ਼ ਨੂੰ ਵਿਅੰਗਾਤਮਕ ਸ਼ੈਲੀ ਵਿਚ ਬਿਆਨ ਕਰਕੇ ਉਸਦੀ ਸਿੱਖੀ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ।

ਗੁਰੂ ਨੇ ਸੀਸ ਮੰਗਿਆ
ਇਕ ਪਾਸਿਉਂ ਇਕ ਸੀਸ ਉਠਿਆ
ਦਇਆ ਰਾਮ
ਗੁਰੂ ਨੇ ਫੇਰ ਸੀਸ ਮੰਗਿਆ
ਦੂਜੇ ਪਾਸਿਉਂ ਇਕ ਸੀਸ ਪੇਸ਼ ਹੋਇਆ
ਧਰਮ ਚੰਦ
ਸੀਸ ਹਮੇਸ਼ਾਂ ਇਕੱਲਾ ਹੁੰਦਾ
ਸਿਰਾਂ ਦੀਆਂ ਤਾਂ ਡਾਰਾਂ ਹੋ ਸਕਦੀਆਂ
ਸੀਸ ਦਾ ਬਹੁ ਬਚਨੀ ਸ਼ਬਦ ਨਹੀਂ ਹੁੰਦਾ

**ਪ੍ਰਸੰਗ:**

ਇਹ ਕਾਵਿ ਸਤਰਾਂ ਜਸਵੰਤ ਜ਼ਫ਼ਰ ਦੁਆਰਾ ਰਚਿਤ ਕਾਵਿ ਪੁਸਤਕ 'ਅਸੀਂ ਨਾਨਕ ਦੇ ਕੀ

ਲੱਗਦੇ ਹਾਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ 'ਭਾਈ ਘਨੱਈਆ' ਸਿਰਲੇਖ ਅਧੀਨ ਦਰਜ ਹੈ। ਕਵਿਤਾ ਅਸਲ ਸਿੱਖ ਦੇ ਗੁਣਾਂ ਨੂੰ ਭਾਈ ਘਨੱਈਆ ਅਤੇ ਪੰਜ ਪਿਆਰਿਆਂ ਦੇ ਵਿਅਕਤਿਤਵ ਨੂੰ ਅਧਾਰ ਬਣਾ ਕੇ ਬਿਆਨ ਕਰਦੀ ਹੈ।

**ਵਿਆਖਿਆ:**

ਜ਼ਫ਼ਰ ਦੇ ਅਨੁਸਾਰ ਸੀਸ ਅਤੇ ਸਿਰ ਵਿਚ ਬਹੁਤ ਅੰਤਰ ਹੁੰਦਾ ਹੈ।ਸੀਸ ਦਾ ਕੋਈ ਬਹੁਵਚਨ ਨਹੀਂ ਹੁੰਦਾ ਜਦਕਿ ਸਿਰਾਂ ਦੀ ਗਿਣਤੀ ਕੀਤੀ ਜਾ ਸਕਦੀ ਹੈ। ਸੀਸ ਗੁਰੂ ਅਤੇ ਰੱਬ ਨਾਲ ਏਕੇ ਦੀ ਨਿਸ਼ਾਨੀ ਹੈ। ਸੀਸ ਉਦੋਂ ਹੀ ਗੁਰੂ ਨੂੰ ਅਰਪਿਤ ਕੀਤਾ ਜਾ ਸਕਦਾ ਹੈ ਜਦੋਂ ਸਿੱਖ ਆਪਣੀ ਹੋਂਦ ਨੂੰ ਗੁਰੂ ਤੋਂ ਵੱਖਰਾ ਨਾ ਸਮਝੇ। ਕਵਿਤਾ ਪੰਜ ਪਿਆਰਿਆਂ ਵਿਚੋਂ ਧਰਮ ਚੰਦ ਅਤੇ ਦਇਆ ਰਾਮ ਦੇ ਉਦਾਹਰਨ ਨਾਲ ਵੀ ਗੁਰੂ ਨਾਲ ਏਕੇ ਨੂੰ ਬਿਆਨ ਕਰਦੀ ਹੈ।

ਇੱਥੇ
ਖਾਣ ਦਾ ਅਰਥ ਹੈ ਖੋਹਣਾ
ਹਾਸਿਲ ਦਾ ਅਰਥ ਹੈ ਹਥਿਆਉਣਾ
ਜਿਉਣ ਦਾ ਅਰਥ ਹੈ ਮਾਰਨਾ
ਵੱਸਣ ਦਾ ਅਰਥ ਹੈ ਉਜਾੜਨਾ
ਆਪ ਉੱਤੇ ਜਾਣ ਲਈ
ਦੂਜੇ ਨੂੰ ਹੇਠ ਉਤਾਰਨਾ
...................
ਇਸ ਪਿਰਾਮਿਡੀ ਧਰਾਤਲ 'ਤੇ
ਪਾਵਰ ਹੀ ਜਾਨ ਹੈ
ਧੰਦਾ ਸਨਮਾਨ ਹੈ
ਪੈਸਾ
ਪ੍ਰਧਾਨ

ਹੈ

ਪੂਰਬੀ ਪਿਰਾਮਿਡ

ਪਦਾਰਥ ਭਗਵਾਨ

ਇੱਥੇ ਕਿਸੇ ਦਾ ਪਿਉ ਨਹੀਂ

ਮਸ਼ੀਨ ਸਭ ਦੀ ਮਾਂ

ਸਭ ਮਾਂਵਾਂ ਮਸ਼ੀਨਾਂ ਨੇ ਕਿੰਨੀ ਟੇਢੀ ਥਾਂ ਹੈ।

ਪੂਰਬੀ ਪਿਰਾਮਿਡ

ਪੁੱਠੇ ਪਿਰਾਮਿਡ ਦੇ ਉੱਪਰ

ਵਿਸ਼ਾਲ ਵਿਹੜਾ ਹੈ

ਇਹ ਵਿਸ਼ਾਲ ਆਨੰਦ ਸਥੱਲ ਹੈ

ਸੁਰਗ ਹੈ

ਜੰਨਤ ਹੈ

ਜਿੱਥੇ ਹੂਰਾਂ ਪਰੀਆਂ ਅਪਸਰਾਵਾਂ

ਨ੍ਰਿਤ ਸੰਗੀਤ ਮਨਮੋਹਣੀਆਂ ਅਦਾਵਾਂ

ਸੋਮ ਰਸੀ ਝਰਨੇ ਸੁਗੰਧਤ ਹਵਾਵਾਂ

**ਪ੍ਰਸੰਗ:**

ਇਹ ਕਾਵਿ ਸਤਰਾਂ ਜਸਵੰਤ ਜ਼ਫ਼ਰ ਦੁਆਰਾ ਰਚਿਤ ਕਾਵਿ ਪੁਸਤਕ ‘ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ ‘ਪਿਰਾਮਿਡ' ਸਿਰਲੇਖ ਅਧੀਨ ਦਰਜ ਹੈ। ਕਵਿਤਾ ਪੱਛਮ, ਪੂਰਬ ਦੇ ਅੰਤਰ ਨੂੰ ਮਿਟਾਉਣ ਵਾਲੀ ਨਾਨਕ ਦੀ ਬਾਣੀ ਦੀ ਸਰਵਉੱਚਤਾ ਨੂੰ ਸਥਾਪਿਤ ਕਰਦੇ ਹੋਏ ਦੋਹਾਂ ਸਭਿਆਚਾਰਾਂ ਦੇ ਉੱਤਰ ਨੂੰ ਦਰਸਾਉਂਦੀ ਹੈ।

**ਵਿਆਖਿਆ:**

ਪੱਛਮੀ ਸੱਭਿਆਚਾਰ ਪਦਾਰਥਵਾਦੀ ਸੋਚ ਉੱਤੇ ਅਧਾਰਿਤ ਹੈ। ਇਥੇ ਜੀਵਨ ਮੁਕਾਬਲੇਬਾਜ਼ੀ

ਵਿਚੋਂ ਨਿਕਲਦਾ ਹੈ। ਇਹ ਸੱਭਿਆਵਾਰ ਡਾਰਵਿਨ ਦੇ ਸਿਧਾਂਤ ਦਾ ਪਾਲਕ ਹੈ। ਟੀਸੀ ਨੂੰ ਛੂਹਣ ਵਾਸਤੇ ਕਈਆਂ ਦੇ ਹੱਕ ਨੂੰ ਹਥਿਆਉਣਾ ਪੈਂਦਾ ਹੈ, ਕਈਆਂ ਨੂੰ ਮਾਰਨਾ ਅਤੇ ਉਜਾੜਨਾ ਪੈਂਦਾ ਹੈ। ਏਥੇ ਸ਼ਕਤੀ, ਪੈਸਾ, ਪਦਾਰਥ, ਧੰਦਾ, ਮਸ਼ੀਨ ਹੀ ਸਭ ਕੁਝ ਹੈ। ਦੂਜੇ ਪਾਸੇ ਭਾਰਤੀ ਪਿਰਾਮਿਡ ਹੈ। ਇਸਦਾ ਅਧਾਰ ਪਤਲਾ ਹੈ ਅਤੇ ਸਿਰ ਚੌੜਾਂ। ਧਰਮ ਦਾ ਬੋਲਬਾਲਾ ਹੈ। ਧਰਮ ਦੇ ਠੇਕੇਦਾਰ ਅਤੇ ਝੂਠੇ ਬਾਬੇ ਅਧਿਆਤਮ ਵਿਕਾਸ ਅਤੇ ਸੰਸਾਰਿਕ ਮੁਸੀਬਤਾਂ ਤੋਂ ਨਿਜਾਤ ਦਿਵਾਉਣ ਵਾਸਤੇ ਭੋਲੇ-ਭਾਲੇ ਲੋਕਾਂ ਨੂੰ ਪਿਰਾਮਿਡ ਦੇ ਸਿਖਰ ਉੱਤੇ ਬਿਰਾਜਮਾਨ ਸੁਪਨਮਈ ਸਵਰਗ ਦਾ ਲਾਲਚ ਦੇ ਕੇ ਮੂਰਖ ਬਣਾਉਂਦੇ ਹਨ। ਪਰ ਕਵੀ ਦਾ ਮੰਨਣਾ ਹੈ ਕਿ ਨਾਨਕ ਦਾ ਸੰਦੇਸ਼ ਇਨ੍ਹਾਂ ਦੋਹਾਂ ਤੋਂ ਉੱਪਰ ਹੈ। ਇਹ ਕੋਈ ਸੁਪਨਮਈ ਸੰਸਾਰ ਨਹੀਂ ਸਿਰਜਦਾ। ਨਾਨਕ ਦਾ ਉਪਦੇਸ਼ ਅਤਿ ਦੀ ਲਾਲਸਾ ਅਤੇ ਖਾਹਿਸ਼ਾਂ, ਪਖੰਡਾਂ ਢੋਂਗਾਂ ਦੇ ਵਿਚਕਾਰ ਸੰਤੁਲਨ ਸਥਾਪਿਤ ਕਰਦਾ ਹੈ।

## 2.4.1 ਜਸਵੰਤ ਜ਼ਫ਼ਰ ਦੀ ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਦਾ ਵਿਸ਼ਾ ਅਤੇ ਉਦੇਸ਼

### ਗੁਰਮਤਿ ਅਤੇ ਸਿੱਖੀ ਸੰਦੇਸ਼:

'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਕਾਵਿ ਪੋਥੀ ਦਾ ਮੁੱਖ ਵਿਸ਼ਾ ਨਾਨਕ ਦਾ ਅਸਲ ਸੰਦੇਸ਼, ਸਿੱਖੀ ਤੇ ਗੁਰਮਤਿ ਹੈ। ਜਸਵੰਤ ਜ਼ਫ਼ਰ ਅਨੁਸਾਰ ਗੁਰਮਤਿ ਪਖੰਡ ਨਹੀਂ ਇਹ ਤਾਂ ਅਮਲ ਦਾ ਵਿਸ਼ਾ ਹੈ। ਗੁਰੂ ਦੇ ਦਰਸਾਏ ਰਸਤੇ ਅਨੁਸਾਰ ਚੱਲਣ ਦੀ ਬਜਾਏ ਅਸਾਂ ਉਸਦੇ ਸੰਦੇਸ਼ ਨੂੰ ਆਪਣੀ ਲੋੜ ਅਨੁਸਾਰ ਢਾਲ ਲਿਆ ਹੈ। ਅਸੀਂ ਗੁਰੂ ਤੋਂ ਬਖ਼ਸ਼ਿਸ਼ਾਂ ਮੰਗਣ ਵਾਲੇ ਬਣ ਚੁੱਕੇ ਹਾਂ ਅਤੇ ਉਸ ਬਖ਼ਸ਼ਿਸ਼ ਦੇ ਬਦਲੇ ਉਸ ਪ੍ਰਤੀ ਅਥਾਹ ਸ਼ਰਧਾ ਦਾ ਪਖੰਡ ਰਚ ਰਹੇ ਹਾਂ। ਗੁਰੂ ਨਾਲ ਸੰਬੰਧ ਦੇਣ-ਲੈਣ ਤੇ ਵਪਾਰ ਤੱਕ ਸੀਮਿਤ ਹੋ ਗਿਆ ਹੈ। ਨਾਨਕ ਦੇ ਨਾਮ ਉੱਤੇ ਖੋਲ੍ਹੇ ਗਏ ਵਿਦਿੱਅਕ ਸੰਸਥਾਨ, ਉਦਯੋਗ, ਕੰਮ-ਧੰਦੇ ਉਸਦੇ ਨਾਮ ਦੀ ਸਾਰਥਕਤਾ ਤੇ ਉਸਦੇ ਸੰਦੇਸ਼ ਨੂੰ ਕਿੱਲੀ ਉੱਤੇ ਟੰਗ ਕੇ ਕੇਵਲ ਲਾਭ ਅਤੇ ਹੰਕਾਰ ਦੀਆਂ ਦੁਕਾਨਾਂ ਬਣ ਚੁੱਕੀਆਂ ਹਨ।

### ਪ੍ਰਕਿਰਤੀ:

'ਰੁੱਖ ਰੋਮ' ਕਵਿਤਾ ਵਿਚ ਜਸਵੰਤ ਜ਼ਫ਼ਰ ਇੱਕ ਸਿੰਘ ਦੇ ਗੁਰਬਾਣੀ ਨੂੰ ਪੜ੍ਹਨ ਅਤੇ ਅਮਲ

ਕਰਨ ਵਿਚਕਾਰ ਫ਼ਰਕ ਨੂੰ ਵਿਅੰਗਮਈ ਢੰਗ ਨਾਲ ਚਿਤਰਦਾ ਹੋਇਆ ਧਰਤੀ ਉਤਲੇ ਵੇਲ ਬੂਟਿਆਂ ਨੂੰ ਇਸਦੇ ਰੋਮ ਅਤੇ ਜੰਗਲਾਂ ਨੂੰ ਉਸਦੇ ਕੇਸ ਕਹਿੰਦਾ ਹੈ।

ਮਾਤਾ ਧਰਤੀ ਮਹਤੁ
ਧਰਤੀ ਮਾਤ ਮਹਾਨ
ਜਿਉਂਦੀ ਜਾਨ
ਵੇਲਾਂ ਬੂਟੇ ਮਾਂ ਦੇ ਰੋਮ
ਵਣ ਤ੍ਰਿਣ ਇਹਦੇ ਕੇਸ

ਜ਼ਫ਼ਰ ਆਪਣੀ ਰਚਨਾ ਵਿਚ ਕੁਦਰਤੀ ਸੋਮਿਆਂ ਦੇ ਮਹੱਤਵ ਬਾਰੇ ਦੱਸਦਾ ਹੈ।ਮਨੁੱਖ ਆਪਣੇ ਜੀਵਨ ਲਈ ਪੂਰੀ ਤਰ੍ਹਾਂ ਪ੍ਰਕਿਰਤੀ ਉੱਤੇ ਨਿਰਭਰ ਹੈ।ਆਪਣੀ ਕਵਿਤਾ 'ਮਾਤਾ ਧਰਤੀ' ਵਿਚ ਜ਼ਫ਼ਰ ਸੂਰਜ ਦੇ ਮਹੱਤਵ ਨੂੰ ਦਰਸਾਉਦਾਂ ਹੋਇਆ ਉਸਨੂੰ ਧਰਤੀ ਦਾ ਊਰਜਾ ਸ੍ਰੋਤ ਮੰਨਦਾ ਹੈ। ਉਹ ਊਰਜਾ ਦੇ ਪ੍ਰਕਿਰਤਿਕ ਅਤੇ ਅਪ੍ਰਕਿਰਤਿਕ ਸ੍ਰੋਤਾਂ ਦਾ ਮੂਲ ਸੂਰਜ ਨੂੰ ਦੱਸਦਾ ਹੈ। ਇਹ ਕਵਿਤਾ ਵਿਗਿਆਨ, ਕਵੀ ਦੀ ਕਲਪਨਾ, ਗੁਰਬਾਣੀ ਅਤੇ ਮਿਥਿਹਾਸ ਦਾ ਸੁਮੇਲ ਹੈ।

ਸੂਰਜ ਕਾਰਨ ਦਿਨ ਤੇ ਰਾਤ
ਸੂਰਜ ਕਾਰਨ ਮੀਂਹ ਬਰਸਾਤ
ਸੂਰਜ ਕਾਰਨ ਧੁੱਪ ਦਾ ਮਾਨਣ
ਸੂਰਜ ਕਾਰਨ ਚੰਨ ਦਾ ਮਾਣਨ
..............................
ਸੂਰਜ ਕਾਰਨ ਹੀ ਅੱਗ ਚੁੱਲ੍ਹੇ
ਸੂਰਜ ਕਾਰਨ ਹਵਾ ਦੇ ਬੁੱਲੇ
ਸੂਰਜ ਬਿਜਲੀ ਡੀਜ਼ਲ ਕੋਲ
ਸੂਰਜ ਤੋਂ ਗੈਸ ਪੈਟਰੋਲ

**ਔਰਤ:**

ਜਸਵੰਤ ਜ਼ਫ਼ਰ ਨੇ ਆਪਣੀਆਂ ਕਵਿਤਾਵਾਂ 'ਮਾਤਾ ਧਰਤੀ' ਅਤੇ 'ਦਿਵਸ ਰਾਤਿ' ਵਿਚ ਪ੍ਰਕਿਰਤੀ ਦੇ ਪ੍ਰਤੀਕ ਰਾਹੀਂ ਔਰਤ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। 'ਮਾਤਾ ਧਰਤੀ' ਦੀ ਪੂਰੀ ਕਵਿਤਾ ਸੂਰਜ ਨੂੰ ਇੱਕ ਊਰਜਾ ਸ੍ਰੋਤ ਵਜੋਂ ਚਿਤਰਦੀ ਹੈ ਪਰ ਅੰਤ ਵਿਚ ਕਵੀ ਬਹੁਤ ਸੂਖਮ ਨਾਲ ਸੂਰਜ ਨੂੰ ਯੁਗਾਂ-ਯੁਗਾਂ ਤੋਂ ਤਪਣ-ਖਪਣ ਵਾਲੇ ਸਰਾਪੇ ਹੋਏ ਮਰਦ ਦੇ ਪ੍ਰਤੀਕ ਵਜੋਂ ਬਿਆਨਦੇ ਹੋਏ ਧਰਤ ਮਾਂ ਦੇ ਮਹੱਤਵ ਨੂੰ ਉਜਾਗਰ ਕਰ ਜਾਂਦਾ ਹੈ।ਧਰਤ ਦੀ ਹੋਂਦ ਕਾਰਨ ਹੀ ਸੂਰਜ ਨੂੰ ਉਸਦੀ ਸਾਰਥਕਤਾ ਪ੍ਰਾਪਤ ਹੈ। ਮਾਤਾ ਦੀ ਹੋਂਦ ਨੇ ਹੀ ਉਸਨੂੰ ਪਿਤਾ ਦਾ ਦਰਜਾ ਦਵਾਇਆ ਹੈ। ਕਵੀ ਆਖਦਾ ਹੈ ਕਿ ਜੇਕਰ ਮਾਂ ਦੀ ਕੁੱਖ ਨਾ ਹੁੰਦੀ ਤਾਂ ਪਿਤਾ ਦੇ ਪਰਤਾਪ ਨੂੰ ਕੌਣ ਜਾਣਦਾ।

ਐਪਰ ਧਰਤੀ ਮਾਂ ਕਾਰਨ ਹੀ
ਸੂਰਜ ਬਣਦਾ ਹੈ ਮਹਾਂਬਾਪ
ਜੇਕਰ ਮਾਂ ਦੀ ਕੁੱਖ ਨਾ ਹੋਵੇ
ਕੌਣ ਪਿਉ ਕਿਸ ਦਾ ਪਰਤਾਪ
ਯੁਗਾਂ ਯੁਗਾਂ ਤੋਂ ਤਪਣ ਖਪਣ ਦਾ
ਮਹਾਂ ਮਰਦ ਨੂੰ ਮਹਾਂ ਸਰਾਪ

ਇਸੇ ਤਰ੍ਹਾਂ ਉਨ੍ਹਾਂ ਦੀ ਕਵਿਤਾ 'ਦਿਵਸ ਰਾਤਿ' ਵਿਚ ਵੀ ਕਵੀ ਸ਼ਾਮ ਅਤੇ ਰਾਤ ਦੇ ਪ੍ਰਤੀਕ ਰਾਹੀਂ ਔਰਤ ਦੇ ਤਿਆਗ ਨੂੰ ਦਰਸਾਉਂਦਾ ਹੈ। ਔਰਤ ਹਮੇਸ਼ਾਂ ਮਰਦ ਲਈ ਬਲੀਦਾਨ ਕਰਦੀ ਹੈ, ਉਸਦਾ ਸਹਾਰਾ ਬਣਦੀ ਹੈ।ਮਰਦ ਪਾਸੋਂ ਨਿਰਾਸ਼ ਹੋ ਕੇ ਵੀ ਮਰਦ ਲਈ ਦੁਆਵਾਂ ਅਤੇ ਸਫਲਤਾ ਦੀ ਮੰਗ ਕਰਦੀ ਹੈ।

ਵਕਤ ਨਾਲ ਦਿਨ ਵੱਡਾ ਹੁੰਦਾ
ਮਾਂ ਤੋਂ ਦੂਰ ਜਾਈ ਜਾਂਦਾ
ਥਾਂ ਕੁਥਾਂ ਭਟਕਦਾ
ਸੌ ਪਾਪੜ ਵੇਲਦਾ
ਕਈ ਕੁਫ਼ਰ ਤੋਲਦਾ

ਟੱਕਰਾਂ ਮਾਰਦਾ

ਥੱਕਦਾ ਹੰਭਦਾ ਟੁੱਟਦਾ

ਮੂੰਹ ਲਟਕਾਈ

ਸ਼ਾਮ ਦੇ ਦੁਆਰੇ ਪਹੁੰਚਦਾ

ਸਾਹ ਮੰਗਦਾ

ਪਨਾਹ ਮੰਗਦਾ

...................

ਨਿਰਾਸ਼ ਨਾ ਹੁੰਦੀ

ਲੋਰੀ ਗਾਉਂਦੀ ਕੁੱਖ ਨੂੰ ਪਲੋਸਦੀ

ਪੁੱਤ ਜੰਮਦੀ ਪਰ ਖੁਦ ਨਾ ਰਹਿੰਦੀ

**ਰਿਸ਼ਤੇ:**

ਜਸਵੰਤ ਜ਼ਫ਼ਰ ਆਪਣੀ ਕਵਿਤਾ 'ਬੂਹੇ' ਵਿਚ ਦੁਨੀਆਵੀ ਰਿਸ਼ਤਿਆਂ ਨਾਲੋਂ ਪਿਆਰ ਮੁਹੱਬਤ ਦੇ ਰਿਸ਼ਤਿਆਂ ਨੂੰ ਵੱਧ ਮਹੱਤਵ ਦਿੰਦਾ ਹੈ। ਦੁਨੀਆਵੀ ਰਿਸ਼ਤੇ ਕਿਸੇ ਵੀ ਸਮੇਂ ਆਪਣੇ ਮੂਲ ਪਛਾਣ ਨੂੰ ਬੈਠਦੇ ਹਨ ਪਰ ਦੋਸਤੀ ਅਤੇ ਪਿਆਰ ਦੇ ਰਿਸ਼ਤੇ ਆਪਣੀ ਅਸਲ ਖੁਸ਼ਬੋ ਨੂੰ ਹਮੇਸ਼ਾ ਬਣਾਈ ਰੱਖਦੇ ਹਨ।

ਜਿਨ੍ਹਾਂ-

ਦੋਸਤੀ ਪਿਆਰ ਦੇ ਨਗਮੇਂ ਉਗਾਉਣੇ ਹੁੰਦੇ

ਮੋਹ ਮੁਹੱਬਤ ਦੇ ਫੁੱਲ ਖਿੜਾਉਣੇ ਹੁੰਦੇ

ਉਹ ਆਪਣੇ ਅੰਦਰ ਦੇ

ਆਪਣੇ ਹਰਿਮੰਦਰ ਦੇ

ਬੂਹੇ

ਚਹੁੰ ਤਰਫੀ ਖੋਹਲ ਕੇ ਰੱਖਦੇ

ਮੋਹ ਮੁਹੱਬਤ ਪਿਆਰ ਮਮਤਾ ਦੋਸਤ
ਇਨਹਾਂ ਪਾਣੀਆਂ ਨੂੰ ਤਾਂ
ਰਿਸ਼ਤਿਆਂ ਦੇ ਭਾਂਡਿਆਂ ਦੀ
ਵੀ ਨਹੀਂ ਮੁਹਤਾਜਗੀ

**ਸੁਤੰਤਰਤਾ:**

ਜਸਵੰਤ ਜ਼ਫ਼ਰ ਦੀ ਕਵਿਤਾ 'ਪੰਛੀ' ਅਤੇ 'ਅਜ਼ਾਦੀ' ਵਿਚ ਕਵੀ ਨੇ ਸੁਤੰਤਰਤਾ ਨੂੰ ਪੰਛੀਆਂ ਨਾਲ ਤੁਲਨਾਇਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਨਵ ਨੇ ਵਿਕਾਸ ਦੀਆਂ ਲੀਹਾਂ ਉੱਤੇ ਤੇਜ਼ੀ ਨਾਲ ਵਿਕਾਸ ਕੀਤਾ ਹੈ ਪਰ ਉਹ ਹਰ ਪਲ ਗੁਲਾਮੀ ਦਾ ਸ਼ਿਕਾਰ ਵੀ ਹੋ ਰਿਹਾ ਹੈ। ਕਵੀ ਦੀ ਕਵਿਤਾ ਪੰਛੀਆਂ ਦੀ ਮਾਨਸਿਕ ਅਜ਼ਾਦੀ ਅਤੇ ਮਾਨਵ ਦੀ ਗੁਲਾਮੀ ਉੱਤੇ ਇਕ ਵਿਚਾਰ ਹੀ ਨਹੀਂ ਇਕ ਸੁਪਨਾ ਵੀ ਹੈ।

ਪੰਛੀ ਉਡ ਲੈਂਦਾ ਜਦ ਚਾਹੁੰਦਾ
ਸਾਨੂੰ ਪੈਣ ਜਹਾਜ਼ੀ ਕਜੀਏ
ਸੋਹਣਾ ਘਰ ਆਪ ਬਣਾਉਂਦਾ
ਅਸੀਂ ਸੌ ਸੌ ਮਸਤਰੀ ਸੱਦੀਏ
ਚਿੜੀ ਨੇ ਆਪਣੀ ਅਜ਼ਾਦੀ ਦੀ
ਪਹਿਲੀ ਜਾਂ ਦੂਸਰੀ ਲੜਾਈ ਨਹੀਂ ਲੜੀ
ਨਾ ਤੀਸਰੀ ਲੜਨੀ ਹੈ
ਫਿਰ ਵੀ ਚਿੜੀ ਗੁਲਾਮ ਨਹੀਂ
.............................
ਚਿੜੀ ਕਿੰਨੇ ਕਾਸੇ ਤੋਂ ਮੁਕਤ ਹੈ

**ਉਪਭੋਗਤਾਵਾਦ ਅਤੇ ਬਜਾਰੀਕਰਨ:**

ਜਸਵੰਤ ਜ਼ਫ਼ਰ ਆਪਣੀਆਂ ਕਵਿਤਾਵਾਂ 'ਇਹ ਵੇਲਾ''ਸ਼ਹਿਰ' 'ਸੁਪਨਾ' ਵਿਚ ਵਰਤਮਾਨ ਸਮੇਂ ਦੀ ਪਦਾਰਥਵਾਦੀ ਦੌੜ ਨੂੰ ਚਿਤਰਿਤ ਕਰਦਾ ਹੈ। 'ਇਹ ਵੇਲਾ' ਕਵਿਤਾ ਵਿਚ ਕਵੀ ਦੱਸਦਾ ਹੈ

ਕਿ ਕਿਵੇਂ ਮਾਨਵ ਦੀਆਂ ਪ੍ਰਾਥਮਿਕਤਾਵਾਂ ਨਿਰੰਤਰ ਬਦਲ ਰਹੀਆਂ ਹਨ। ਅੱਜ ਦੇ ਉਪਭੋਗਵਾਦੀ ਮਨੁੱਖ ਵਿਚ ਕਿਸੇ ਸਕਾਰਾਤਮਕ ਲਕਸ਼ ਪ੍ਰਤੀ ਪ੍ਰਤਿਗਿਆ ਅਤੇ ਸਮਰਪਣ ਭਾਵ ਖ਼ਤਮ ਹੋ ਚੁੱਕਾ ਹੈ। ਉਹ ਬਜ਼ਾਰ ਦੀਆਂ ਮਨਮੋਹਕ ਚੀਜ਼ਾਂ ਦਾ ਪੈਰੋਕਾਰ ਤੇ ਖ਼ਰੀਦਦਾਰ ਬਣ ਚੁਕਿਆ ਹੈ।

ਇਹ ਵੇਲਾ
ਇਹ ਵੇਲਾ
ਕੁਝ ਕਰਨ ਦਾ
ਜਾਂ ਮਰਨ ਦਾ ਨਹੀਂ
ਇਹ ਵੇਲਾ
ਬਜ਼ਾਰ ਚੋਂ
ਚੀਜ਼ਾਂ ਖ਼ਰੀਦਣ ਦਾ ਹੈ

ਇਸੇ ਤਰ੍ਹਾਂ 'ਸ਼ਹਿਰ' ਕਵਿਤਾ ਬੰਦੇ ਦੇ ਵਿਅਸਤ ਜੀਵਨ ਨੂੰ ਦਰਸਾਉਂਦੀ ਹੈ। ਬੰਦਾਂ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਮਸ਼ੀਨ ਦਾ ਰੂਪ ਧਾਰਣ ਕਰ ਗਿਆ ਹੈ ਜੋ ਅੱਠ ਪਹਿਰ ਦੌੜ ਰਹੀ ਹੈ।ਉਹ ਇਕ ਇੰਜਨ ਅਤੇ ਇਕ ਵਸਤ ਦੀ ਨਿਆਂਈ ਹੋ ਚੁਕਿਆ ਹੈ।'ਸੁਪਨਾ' ਕਵਿਤਾ ਕਵੀ ਦੀ ਕਾਪਲਪਨਿਕ ਉਡਾਰੀ ਹੈ ਕਵੀ ਜੰਗਲ ਬੇਲੇ ਵਿਚ ਜਾ ਕੇ ਰੁੱਖਾਂ, ਪਸ਼ੂ-ਪੰਛੀਆਂ-ਜਾਨਵਰਾਂ ਨਾਲ ਗੱਲਾਂ ਕਰਨਾ ਚਾਹੁੰਦਾ ਹੈ, ਤਾਰਿਆਂ, ਹਵਾ, ਸੂਰਜ ਨੂੰ ਮਾਣਨਾ ਚਾਹੁੰਦਾ ਹੈ, ਮਸਤ ਜੀਵਨ ਜਿਊਣਾ ਚਾਹੁੰਦਾ ਹੈ ਪਰ ਇਹ ਕੇਵਲ ਉਸਦਾ ਸੁਪਨਾ ਹੀ ਹੈ ਅਸਲ ਜੀਵਨ ਬਹੁਤ ਕਠੋਰ ਹੈ ਬੰਦਾ ਕਿਤੇ ਅਜ਼ਾਦ ਨਹੀਂ। ਉਹ ਪੂਰਾ ਜੀਵਨ ਘਰ, ਬਜ਼ਾਰ ਅਤੇ ਦਫ਼ਤਰ ਦੇ ਚੱਕਰ ਕੱਟਦਾ ਰਹਿੰਦਾ ਹੈ। ਸੁਹਜ ਅਤੇ ਸਹਿਜ ਜੀਵਨ ਜਿਊਣ ਦਾ ਕੇਵਲ ਸੁਪਨਾ ਲੈ ਸਕਦਾ ਹੈ।

**ਇਤਿਹਾਸਕ ਪਾਤਰ:**

ਜਸਵੰਤ ਜ਼ਫ਼ਰ ਦੀ ਕਾਵਿ ਪੋਥੀ ਵਿਚ ਜਿੱਥੇ ਇਕ ਪਾਸੇ ਗੁਰੂ ਦੇ ਸਿੱਖਾਂ ਦੇ ਅਸਲ ਰਾਹ ਤੋਂ ਵਿਚਲਿਤ ਹੋਣ ਨੂੰ ਚਿਤਰਿਆ ਗਿਆ ਹੈ ਉੱਥੇ ਦੂਜੇ ਪਾਸੇ ਇਤਿਹਾਸ ਦੇ ਉਨ੍ਹਾਂ ਮਹਾਨ ਸਿੱਖਾਂ ਦਾ ਵਰਨਣ ਵੀ ਜਿਨ੍ਹਾਂ ਨੇ ਸਿੱਖੀ ਨੂੰ ਨਵੇਂ ਮਿਆਰ ਬਖਸ਼ੈ।ਆਪਣੀ ਕਵਿਤਾ 'ਭਾਈ ਘਨੱਈਆ' 'ਮੁਕਤੇ' ਰਾਹੀਂ ਉਹ ਸਿੱਖੀ ਅਤੇ ਸਿੰਘ ਬਣਨ ਦੇ ਅਸਲੀ ਅਰਥਾਂ ਨੂੰ ਸਮਝਾਉਂਦਾ ਹੈ। ਭਾਈ

ਘਨੱਈਆ ਨੇ ਗੁਰੂ ਗੋਬਿੰਦ ਦੀ ਖ਼ਾਲਸਾ ਫ਼ੌਜ ਵਿਚ ਸ਼ਾਮਿਲ ਹੋ ਕੇ ਯੁੱਧ ਤਾਂ ਨਹੀਂ ਕੀਤੇ ਪਰ ਉਸਦੀ ਸ਼ਖਸ਼ੀਅਤ ਗੁਰੂ ਅਤੇ ਰੱਬ ਨਾਲ ਇੱਕਮਿਕ ਸੀ। ਜ਼ਫ਼ਰ ਦੇ ਅਨੁਸਾਰ ਸੀਸ ਕੇਵਲ ਇਕ ਹੁੰਦਾ ਹੈ ਸੀਸ ਉਦੋਂ ਹੀ ਗੁਰੂ ਨੂੰ ਅਰਪਿਤ ਕੀਤਾ ਜਾ ਸਕਦਾ ਹੈ ਜਦੋਂ ਸਿੱਖ ਆਪਣੀ ਹੋਂਦ ਨੂੰ ਗੁਰੂ ਤੋਂ ਵੱਖਰਾ ਨਾ ਸਮਝੇ। ਭਾਈ ਘਨੱਈਆ ਨੇ ਗੁਰੂ ਦੀ ਪਿਆਰ ਨਾਲ ਦਿੱਤੀ ਕਿਰਪਾਨ ਰਾਹੀਂ ਆਪਣਾ ਸਿਰ ਦੁਸ਼ਮਨ ਅੱਗੇ ਪੇਸ਼ ਕਰਨ ਦੀ ਗੱਲ ਆਖੀ, ਇਸੇ ਤਰ੍ਹਾਂ ਪੰਜ ਪਿਆਰੇ ਵੀ ਆਪਣਾ ਸੀਸ ਗੁਰੂ ਦੀ ਇਕ ਅਵਾਜ਼ ਉੱਤੇ ਅਰਪਿਤ ਕਰਨ ਲਈ ਤਿਆਰ ਹੋ ਗਏ। 'ਮੁਕਤੇ" ਕਵਿਤਾ ਵਿਚ ਜਸਵੰਤ ਜ਼ਫ਼ਰ ਉਸ ਸਮੇਂ ਨੂੰ ਯਾਦ ਕਰਵਾਉਂਦਾ ਹੈ ਜਦ ਸਿੱਖਾਂ ਨੂੰ ਗੁਰੂ ਦਾ ਸ਼ਾਂਤ ਛੱਡਣ ਉੱਤੇ ਸਮਾਜਕ ਅਪਮਾਨ ਦਾ ਸਾਹਮਣਾ ਕਰਨਾ ਪਿਆ ਸੀ। ਇਨ੍ਹਾਂ ਦੋਹਾਂ ਕਵਿਤਾਵਾਂ ਰਾਹੀਂ ਜਸਵੰਤ ਜ਼ਫ਼ਰ ਅਪ੍ਰਤੱਖ ਰੂਪ ਨਾਲ ਅਜੋਕੇ ਸਮੇਂ ਦੇ ਹਾਲਾਤਾਂ ਨੂੰ ਭੂਤਕਾਲ ਵਿਚ ਤੁਲਨਾਉਂਦਾ ਹੋਇਆ ਸਿੱਖ ਹੋਣ ਦੇ ਅਰਥਾਂ ਨੂੰ ਰੂਪਮਾਨ ਕਰਦਾ ਹੈ। ਵਰਤਮਾਨ ਸਮੇਂ ਵਿਚ ਗੁਰੂ ਦੇ ਰਾਹ ਤੋਂ ਭਟਕਿਆਂ ਹੋਇਆਂ ਨੂੰ ਨਾ ਤਾਂ ਸਮਾਜਕ ਤਿਰਸਕਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਨਾ ਹੀ ਇਕ ਸਿੱਖੀ ਦੇ ਅਸਲ ਅਰਥ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਗੁਰੂ ਤੋਂ ਬੇਮੁੱਖ ਹੋਏ ਜੋ
ਘਿਰ ਗਏ
ਟਿੱਚਰਾਂ, ਤਰਸਾਂ, ਸ਼ਰਮਸਾਰੀਆਂ, ਖਚਰੇ ਹਾਸਿਆਂ, ਇਲਜ਼ਾਮਾਂ ਵਿਚਾਲੇ
ਸਿਰਾਂ ਤੇ ਕਰਜ਼ ਦੀਆਂ ਪੰਡਾਂ ਸਨ
ਐਸਾ ਬੋਝ ਤਾਂ ਗੁਰੂ ਦੇ ਹਜ਼ੂਰ ਲਹਿੰਦਾ ਹੈ
ਸੀਸ ਭੇਟ ਕਰਨਾ ਪੈਂਦਾ ਹੈ

## 2.4.2 ਜਸਵੰਤ ਜ਼ਫ਼ਰ ਦੀ ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਵਿਚਲੀ ਕਵਿਤਾ ਦੀ ਸਾਹਿੱਤਕ ਆਲੋਚਨਾ

### ਵਿਸ਼ਾ ਪੱਖ:

ਜਸਵੰਤ ਜ਼ਫ਼ਰ ਦੀ ਕਾਵਿ ਪੋਥੀ ਅਸੀਂ 'ਨਾਨਕ ਦੇ ਕੀ ਲੱਗਦੇ' ਨਾਨਕ ਅਤੇ ਗੁਰਮਤਿ ਦੇ ਸੁਨੇਹੇ ਨੂੰ ਵੱਖ-ਵੱਖ ਰੂਪਾਂ ਵਿਚ ਦਰਸਾਉਂਦੀ ਹੈ। ਸਾਰੀ ਕਵਿਤਾ ਇੱਕ ਵਿਅੰਗਮਈ ਸ਼ੈਲੀ ਵਿਚ

ਲਿਖੀ ਗਈ ਹੈ। ਨਾਨਕ ਦਾ ਅਸਲ ਸੰਦੇਸ਼ ਇਸ ਕਾਵਿ ਪੋਥੀ ਦਾ ਮੂਲ ਹੈ। ਜਸਵੰਤ ਜਿੱਥੇ ਇਕ ਪਾਸੇ ਸਿੱਖੀ ਵਿਚ ਆਏ ਨਿਘਾਰ ਬਾਰੇ ਚਿੰਤਾ ਪ੍ਰਗਟ ਕਰਦਾ ਨਜ਼ਰ ਆਉਂਦਾ ਹੈ ਉੱਥੇ ਸਿੱਖਾਂ ਨੂੰ ਆਪਣੀ ਸੋਚ ਵਿਚ ਤਬਦੀਲੀ ਲਿਆਉਣ ਦਾ ਸੰਦੇਸ਼ ਵੀ ਦੇ ਰਿਹਾ ਹੈ। ਪ੍ਰਕਿਰਤੀ ਗੁਰਬਾਣੀ ਦਾ ਇਕ ਮੁੱਖ ਵਿਸ਼ਾ ਰਹੀ ਹੈ। ਗੁਰਬਾਣੀ ਨੇ ਧਰਤੀ ਨੂੰ ਮਾਤਾ, ਪਾਣੀ ਨੂੰ ਪਿਤਾ ਅਤੇ ਪੌਣ ਨੂੰ ਗੁਰੂ ਦਾ ਦਰਜਾ ਦਿੱਤਾ ਹੈ। ਜਸਵੰਤ ਜ਼ਫ਼ਰ ਨੇ ਗੁਰਬਾਣੀ ਦੇ ਪ੍ਰਕਿਰਤੀ ਸਿਧਾਂਤ ਨੂੰ ਵਿਗਿਆਨ ਨਾਲ ਮਿਲਾ ਕੇ ਕਵਿਤਾਵਾਂ ਦਾ ਹਿੱਸਾ ਬਣਾਇਆ ਹੈ।

ਆਧੁਨਿਕ ਮਾਨਵ ਦਾ ਮਸ਼ੀਨ ਬਣਦੇ ਜਾਣਾ, ਬਜ਼ਾਰ ਦੀਆਂ ਸ਼ਕਤੀਆਂ ਦੇ ਹੱਥਾਂ ਵਿਚ ਕਠਪੁਤਲੀ ਬਣ ਜਾਣਾ, ਪੂਰਬ ਅਤੇ ਪੱਛਮੀ ਮੁਲਕਾਂ ਵਿਚਲਾ ਫ਼ਰਕ ਅਤੇ ਇਸ ਫ਼ਰਕ ਤੋਂ ਉੱਪਰ ਨਾਨਕ ਦੀ ਬਾਣੀ ਦੀ ਸਥਾਪਨਾ ਇਸਦੇ ਗੌਣ ਵਿਸ਼ੇ ਹਨ। ਅੱਜ ਸਿੱਖ ਸਮਾਜ ਕੱਟੜਤਾ, ਨਿਘਾਰ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ ਇਸ ਸਮੱਸਿਆ ਨੂੰ ਬੇਬਾਕੀ ਅਤੇ ਬਹੁਤ ਹੀ ਸੁਹਜ ਭਾਸ਼ਾ ਵਿਚ ਕਵਿਤਾ ਦਾ ਹਿੱਸਾ ਬਣਾਉਣਾ ਜਸਵੰਤ ਜ਼ਫ਼ਰ ਦੀ ਬੌਧਿਕਤਾ ਦਾ ਸੂਚਕ ਹੈ।

**ਅਰਥ ਪੱਖ:**

ਜ਼ਫ਼ਰ ਦੀ ਕਵਿਤਾ ਸਧਾਰਣ ਸ਼ਬਦਾਂ ਵਾਲੀ ਪਰ ਡੂੰਘੇ ਅਰਥਾਂ ਵਾਲੀ ਕਵਿਤਾ ਹੈ। ਕਈ ਸ਼ਬਦ ਨਿਰੋਲ ਵਿਗਿਆਨਕ ਹਨ ਪਰ ਜਦੋਂ ਜ਼ਫ਼ਰ ਉਨ੍ਹਾਂ ਦਾ ਇਸਤੇਮਾਲ ਸਾਹਿੱਤ ਵਿਚ ਕਰਦਾ ਹੈ ਤਾਂ ਉਹ ਵਿਸ਼ਾਲ ਅਰਥਾਂ ਦੇ ਧਾਰਣੀ ਹੋ ਜਾਂਦੇ ਹਨ। ਗੁਰਮਤਿ ਅਤੇ ਵਿਗਿਆਨ ਦੇ ਸੁਮੇਲ ਨੇ ਪੂਰੀ ਕਾਵਿ ਪੋਥੀ ਦੇ ਅਰਥ ਪੱਖ ਨੂੰ ਅਸੀਮ ਬਣਾ ਦਿੱਤਾ ਹੈ। ਉਦਾਹਰਨ ਲਈ ਉਸਦੀ ਕਵਿਤਾ 'ਜ਼ੀਰੋ' ਅਤੇ 'ਪਿਰਾਮਿਡ' ਵਿਗਿਆਨ, ਰੂਹਾਨੀਅਤ, ਸਾਹਿੱਤ ਦਾ ਸੁਮੇਲ ਹੈ। ਜ਼ੀਰੋ ਚੱਕਰਾਕਾਰ ਸਥਿਤੀ ਦਾ ਬੋਧ ਕਰਵਾਉਂਦਾ ਹੈ। ਮਾਨਵ ਨੂੰ ਦੁਹਰਾਉ ਵਾਲੇ ਰਸਤੇ ਨੂੰ ਸੌਖਾ ਮੰਨਦਾ ਹੈ। ਚੱਕਰੀ ਜੀਵਨ ਵਿਚੋਂ ਬਾਹਰ ਨਿਕਲ ਕੇ ਅਨੰਤਤਾ ਅਤੇ ਵਿਸ਼ਾਲਤਾ ਵੱਲ ਜਾਣ ਤੋਂ ਉਸਨੂੰ ਡਰ ਲੱਗਦਾ ਹੈ।

ਲੰਮੀਆਂ ਉਦਾਸੀਆਂ ਵਾਲੇ ਬਾਬੇ ਨਾਨਕ ਤੋਂ
ਉਦਾਸੀਆਂ ਦਾ ਵਰ ਨਹੀਂ ਮੰਗ ਸਕਦੇ
ਕਿਉਂਕਿ ਅਸੀਂ
ਜ਼ੀਰੋ ਵਰਗੀਆਂ ਗੋਲ ਪ੍ਰਕਰਮਾਂ ਤਾਂ ਕਰ ਸਕਦੇ ਹਾਂ

.............................................

ਸਾਡਾ ਮਾਰਗ ਤਾਂ ਹੋ ਸਕਦਾ ਜ਼ੀਰੋ ਵਰਗਾ

ਗੋਲ ਜਾਂ ਇਲੈਪਟੀਕਲ

ਜੋ ਭੂਤ ਉਹੀ ਭਵਿੱਖ

ਪੈਰਾਬੋਲਿਕ ਪਾਥ ਬਾਰੇ ਨਹੀਂ ਸੋਚ ਸਕਦੇ

ਸਾਨੂੰ ਅਨੰਤ ਵਿਸ਼ਾਲ ਭਵਿੱਖ ਤੋਂ ਡਰ ਲਗਦਾ ਹੈ।

ਇਸੇ ਤਰ੍ਹਾਂ ਪਿਰਾਮਿਡ ਕਵਿਤਾ:

ਪੂਰਬੀ ਪਿਰਾਮਿਡ-ਉੱਪਰ ਪਾਸਾਰ ਹੈ

ਹੇਠਾਂ ਕੋਈ ਅਧਾਰ ਨਹੀਂ

ਪੱਛਮੀ ਪਿਰਾਮਿਡ-ਸੋਹਣਾ ਅਧਾਰ ਹੈ

ਉੱਪਰ ਕੋਈ ਪਾਸਾਰ ਨਹੀਂ

ਪੂਰਬੀ ਪਿਰਾਮਿਡ ਦਾ ਅਧਾਰ ਪਤਲਾ ਹੈ ਪਰ ਸਿਰ ਦੌੜਾਂ ਹੈ।ਉੱਪਰਲੀ ਚੌੜਾਈ ਅਤੇ ਲੰਬਾਈ ਬਰੀਕ ਬਿੰਦੂ ਤੋਂ ਸ਼ੁਰੂ ਹੋ ਕੇ ਕਿਸੇ ਅਦ੍ਰਿਸ਼ ਪ੍ਰਮਾਤਮਾ ਬਾਰੇ ਭੁਲੇਖਾ ਪਾਉਂਦੀ ਹੈ ਅਤੇ ਇਸੇ ਅਦ੍ਰਿਸ਼ਤਾ ਦਾ ਲਾਭ ਧਰਮ ਦੇ ਨਾਮ ਉੱਤੇ ਲੁੱਟਣ ਵਾਲੇ ਢੋਂਗੀ ਬਾਬੇ ਆਮ ਭੋਲੇ ਭਾਲੇ ਲੋਕਾਂ ਵਿਚ ਭਰਮ ਫੈਲਾਉਣ ਲਈ ਕਰਦੇ ਹਨ।ਇਸੇ ਤਰ੍ਹਾਂ ਪੱਛਮੀ ਪਿਰਾਮਿਡ ਦੀ ਹੇਠੋਂ ਚੋੜਾਈ ਵੱਧ ਹੈ ਜੋ ਕਿ ਇਸ ਸੱਭਿਆਚਾਰ ਦੇ ਪਦਾਰਥਵਾਦ ਵੱਲ ਇਸ਼ਾਰਾ ਕਰਦੀ ਹੈ ਪਰ ਸਿਖਰ ਸੌੜਾ ਅਤੇ ਤਿਲਸਵਾਂ ਹੈ, ਜਿੱਥੇ ਮੁਕਾਬਲੇਬਾਜ਼ੀ ਕਾਰਨ ਹਰ ਕੋਈ ਟਿਕ ਨਹੀਂ ਸਕਦਾ।

## ਕਲਪਨਾ ਪੱਖ

ਵਿਗਿਆਨ, ਗੁਰਮਤਿ ਅਤੇ ਸਾਹਿੱਤ ਦਾ ਸੁਮੇਲ ਕੇਵਲ ਵਿਵਹਾਰਿਕ ਦ੍ਰਿਸਟੀਕੋਣ ਨਾਲ ਨਹੀਂ ਜੁੜਦਾ। ਕਲਪਨਾ ਦੀ ਉੜਾਨ ਤੋਂ ਬਿਨਾ ਇਸਦੀ ਸਾਰਥਕਤਾ ਸਿੱਧ ਨਹੀਂ ਹੋ ਸਕਦੀ। ਜਸਵੰਤ ਜ਼ਫ਼ਰ ਦੀ ਕਲਪਨਾ ਹੀ ਹੈ ਜੋ ਜ਼ੀਰੋ ਨੂੰ ਜ਼ੀਰੋ ਸੱਭਿਆਚਾਰ ਅਤੇ ਪਿਛਲੱਗੂ ਸਮਾਜ ਨਾਲ ਜੋੜ ਦਿੰਦੀ ਹੈ।ਨਾਨਕ ਦੇ ਮੋਦੀਖ਼ਾਨੇ ਅਤੇ ਸਾਧੂਆਂ ਦੇ ਰੋਟੀ ਖਵਾਉਣ ਨੂੰ ਅੱਜ ਦੇ ਲਾਲਸੀ ਵਪਾਰੀਆਂ ਦੇ ਵਿਰੋਧ ਵਿਚ ਖੜਾ ਕਰਦੀ ਹੈ।ਪਿਰਾਮਿਡ ਪੱਛਮੀ ਅਤੇ ਪੂਰਬੀ ਸੱਭਿਆਚਾਰ ਬਣ ਜਾਂਦੇ ਹਨ।ਸੀਸ ਅਤੇ

ਸਿਰ ਦੇ ਫ਼ਰਕ ਨੂੰ ਸਥਾਪਿਤ ਕਰਦੀ ਹੈ। ਰਾਤ ਨੂੰ ਔਰਤ ਦੀ ਕੁੱਖ ਅਤੇ ਮਰਦ ਨੂੰ ਸੂਰਜ ਦੇ ਤਪਨ-ਖਪਨ ਨਾਲ ਜੋੜ ਦਿੰਦਾ ਹੈ।

**ਵਰਤਮਾਨ ਪਰਿਪੇਖ :**

ਧਰਮ ਸਮਾਜ ਦਾ ਅਟੁੱਟ ਹਿੱਸਾ ਹੈ। ਸਿੱਖ ਧਰਮ ਦੀ ਸਥਾਪਨਾ ਜੜ ਹੋ ਚੁੱਕੀਆਂ ਪਰੰਪਰਾਵਾਂ, ਜ਼ਾਤ-ਪਾਤ, ਅਡੰਬਰਾਂ, ਧਾਰਮਿਕ ਕੱਟੜਤਾ ਦੇ ਵਿਰੋਧ ਵਿਚ ਹੋਈ ਸੀ। ਪਰ ਸਮੇਂ ਦੇ ਨਾਲ ਨਾਲ ਸਿੱਖੀ ਵਿਚ ਕਈ ਵਿਕਾਰ ਆਉਣੇ ਸ਼ੁਰੂ ਹੋ ਗਏ। ਜਸਵੰਤ ਜ਼ਫ਼ਰ ਦੀ ਕਵਿਤਾ ਵਰਤਮਾਨ ਸਮੱਸਿਆ ਨੂੰ ਉਜਾਗਰ ਕਰਨ ਦੇ ਨਾਲ-ਨਾਲ ਇਸਦੇ ਹੱਲ ਦਾ ਵੀ ਬੋਧ ਕਰਵਾਉਂਦੀ ਹੈ।

**ਭਾਸ਼ਾ ਪੱਖ:**

ਜਸਵੰਤ ਜ਼ਫ਼ਰ ਦੀ ਭਾਸ਼ਾ ਬਹੁਤ ਸਰਲ ਅਤੇ ਰਸਮਈ ਹੈ। ਇਸ ਭਾਸ਼ਾ ਦੇ ਡੂੰਘੇ ਅਰਥ ਪਾਠਕ ਨੂੰ ਮਾਨਸਿਕ ਪੱਧਰ ਉੱਤੇ ਝੰਜੋੜ ਦਿੰਦੇ ਹਨ। ਹਾਲਾਂਕਿ ਕਵਿਤਾ ਦਾ ਮੂਲ ਸੰਦੇਸ਼ ਸਿੱਖੀ ਅਤੇ ਗੁਰਮਤਿ ਹੈ ਪਰ ਇਸ ਵਿਚਾਰ ਨੂੰ ਉਜਾਗਰ ਕਰਨ ਲਈ ਕਿਸੇ ਰਹੱਸਮਈ ਭਾਸ਼ਾ ਦਾ ਨਹੀਂ ਸਗੋਂ ਸਰਲ ਤਰਕਮਈ ਅਤੇ ਵਿਗਿਆਨਕ ਭਾਸ਼ਾ ਦਾ ਇਸਤੇਮਾਲ ਕੀਤਾ ਗਿਆ ਹੈ। ਜ਼ਫ਼ਰ ਦੁਆਰਾ ਚੁਣੇ ਗਏ ਢੁਕਵੇਂ ਸ਼ਬਦ ਵਿਚਾਰ ਦੀ ਵਿਸ਼ਾਲਤਾ ਨੂੰ ਸਥਾਪਿਤ ਕਰਦੇ ਹਨ।

**ਬਿੰਬ:**

ਕਾਵਿ ਕਲਾ ਵਿਚ ਬਿੰਬਾਂ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਬਿੰਬ ਸਾਡੀਆਂ ਇੰਦਰੀਆਂ ਦੁਆਰਾ ਗ੍ਰਹਿਣ ਕੀਤੀਆਂ ਸੰਵੇਦਨਾਵਾਂ ਦਾ ਚਿੱਤਰ ਹੁੰਦਾ ਹੈ। ਕਵੀ ਦੀ ਕਲਪਨਾ ਬਿੰਬ ਰਾਹੀਂ ਪਾਠਕ ਦੀਆਂ ਅੱਖਾਂ ਸਾਹਮਣੇ ਘੁੰਮਣ ਲੱਗ ਜਾਂਦੀ ਹੈ। ਜਸਵੰਤ ਜ਼ਫ਼ਰ ਦੀ ਬਿੰਬਾਵਲੀ ਦਾ ਖ਼ਾਕਾ ਬਹੁਤ ਵਿਸ਼ਾਲ ਹੈ। ਉਸਦੀਆਂ ਕਵਿਤਾਵਾਂ ਸਹਿਜੇ ਹੀ ਪਾਠਕ ਦੀਆਂ ਇੰਦਰੀਆਂ ਨੂੰ ਟੁੰਬ ਲੈਂਦੀਆਂ ਹਨ। 'ਨਾਨਕ' ਕਵਿਤਾ ਵਿਚ ਨਾਨਕ ਦੀ ਅਸਲ ਤਸਵੀਰ ਦੀ ਕਲਪਨਾ ਪਾਠਕ ਸਾਹਮਣੇ ਸਫਲਤਾਪੂਰਵਕ ਦ੍ਰਿਸ਼ ਬਿੰਬ ਦਾ ਨਿਰਮਾਣ ਕਰ ਦਿੰਦੀ ਹੈ। ਅਸੀਂ ਸਹਿਜੇ ਹੀ ਘਰਾਂ ਉੱਤੇ ਟੰਗੀ ਨਾਨਕ ਦੀ ਤਸਵੀਰ ਦੇ ਘੇਰੇ ਵਿਚੋਂ ਬਾਹਰ ਨਿਕਲ ਕੇ ਅਸਲ ਨਾਨਕ ਦੇ ਧਿਆਨ ਵਿਚ ਗੁਆਚ ਜਾਂਦੇ ਹਾਂ।

ਮਾਫ਼ ਕਰਨਾ

ਸਾਡੇ ਲਈ ਬਹੁਤ ਮੁਸ਼ਕਿਲ ਹੈ

ਨਾਨਕ ਦੀ ਅਸਲੀ ਤਸਵੀਰ ਦਾ **ਧਿਆਨ ਧਰਨਾ**

ਪੈਂਡੇ ਦੀ ਧੂੜ ਨਾਲ **ਲੱਥ-ਪੱਥ ਪਿੰਜਣੀਆਂ**

**ਤਿੜਕੀਆਂ** ਅੱਡੀਆਂ

ਨ੍ਹੇਰੀ ਨਾਲ ਉਲਝੀ ਖ਼ੁਸ਼ਕ ਦਾਹੜੀ

**ਲੂੰਆਂ** ਬਰਫ਼ਾਂ ਦੀ **ਝੰਬੀ** ਚਮੜੀ

ਗੱਲਾਂ ਦਾ ਚਿਪਕਿਆ ਮਾਸ ਤੇ ਚਿਹਰੇ ਦੀਆਂ ਉਭਰੀਆਂ ਹੱਡੀਆਂ ਦੇ ਡੂੰਘ 'ਚ

**ਦਗਦੀਆਂ ਮਘਦੀਆਂ** ਤੇਜ਼ ਅੱਖਾਂ

ਅੱਖਾਂ ਜੋ-

ਪਰਿਵਾਰ ਨੂੰ

ਸਰਕਾਰ ਨੂੰ

ਤੇ ਹਰ ਸੰਸਕਾਰ ਨੂੰ

**ਟਿੱਚ ਜਾਣਦੀਆਂ**

ਬਹੁਤ ਖ਼ਤਰਨਾਕ ਸਿੱਧ ਹੋ ਸਕਦੈ

ਸਾਡੇ ਲਈ ਅਸਲੀ ਨਾਨਕ

ਇਸੇ ਤਰ੍ਹਾਂ ‘ਸੁਪਨਾ’ ਕਵਿਤਾ ਵਿਚ ਨਾਦ ਬਿੰਬ ਸਹਿਜੇ ਕੰਨਾਂ ਵਿਚ ਰਸ ਘੋਲਣਾ ਸ਼ੁਰੂ ਕਰ ਦਿੰਦਾ ਹੈ:

ਮੈਂ ਰੁੱਖਾਂ ਨਾਲ

ਖੜ ਖੜ ਦੀ ਭਾਸ਼ਾ ‘ਚ ਗੱਲਾਂ ਕਰਦਾਂ

ਪੰਛੀਆਂ ਨਾਲ

ਕੈਂ ਕੈਂ, ਚੀਂ ਚੀਂ, ਕੂ ਕੂ ਤੇ ਗਟਾਰ ਕੂੰ ਗੂੰ ਦੇ ਗੀਤ ਗਾਉਂਦਾਂ

ਸ਼ੇਰਾਂ ਚੀਤਿਆਂ ਦੇ

ਕੰਨਾ ਮੁੰਨਾ ਕੁਰਰ ਕਰਦਾ

ਜਸਵੰਤ ਜ਼ਫ਼ਰ ਦੀ ਕਵਿਤਾ ਕਿਸੇ ਦ੍ਰਿਸ਼, ਅਵਾਜ, ਗੰਧ, ਸੁਆਦ, ਸਫ਼ਰਸ਼ ਨੂੰ ਪਾਠਕ ਦੀਆਂ ਇੰਦਰੀਆਂ ਤੱਕ ਸਫਲਤਾਪੂਰਵਕ ਪੁਹੰਚਾ ਦਿੰਦੀ ਹੈ।ਪਾਠਕ ਬਹੁਤ ਡੂੰਘਾਈ ਨਾਲ ਕਵੀ ਦੀਆਂ ਭਾਵਨਾਵਾਂ ਨਾਲ ਏਕਾ ਸਥਾਪਿਤ ਕਰ ਲੈਂਦਾ ਹੈ।

### ਪ੍ਰਤੀਕ:

ਪ੍ਰਤੀਕ ਵੀ ਬਿੰਬ ਦਾ ਹੀ ਇਕ ਹਿੱਸਾ ਹੈ ਪਰ ਇਹ ਬਿੰਬ ਨਾਲੋਂ ਵੱਧ ਠੋਸ ਹੁੰਦਾ ਹੈ।ਦੂਜੇ ਸ਼ਬਦਾਂ ਵਿਚ ਬਿੰਬ ਦੀ ਸਥਿਤੀ ਕਵਿਤਾ ਵਿਚ ਫੈਲੀ ਹੋਈ ਹੁੰਦੀ ਹੈ ਪਰ ਪ੍ਰਤੀਕ ਠੋਸ ਰੂਪ ਨਾਲ ਕਿਸੇ ਵਸਤੂ ਦਾ ਬੋਧ ਕਰਵਾਉਂਦਾ ਹੈ।ਕਵਿਤਾ ਦੀ ਭਾਸ਼ਾ ਵਿਚ ਪ੍ਰਤੀਕ ਕਿਸੇ ਇਕ ਸ਼ਬਦ ਰਾਹੀਂ ਵਿਸ਼ਾਲ ਅਰਥਾਂ ਨੂੰ ਪੇਸ਼ ਕਰਨ ਦੇ ਸਮਰੱਥ ਹੈ।ਕਵਿਤਾ ਵਿਚ ਪ੍ਰਤੀਕ ਉਸ ਦੀ ਭਾਸ਼ਾ ਨੂੰ ਨਾ ਕੇਵਲ ਨਵੇਂ ਅਰਥ ਦਿੰਦਾ ਹੈ ਸਗੋਂ ਉਸਦੇ ਸੁਹਜ ਵਿਚ ਵੀ ਵਾਧਾ ਕਰਦਾ ਹੈ ਅਤੇ ਉਸਦਾ ਅਲੰਕਰਣ ਵੀ ਕਰਦਾ ਹੈ।ਜਸਵੰਤ ਜ਼ਫ਼ਰ ਨੇ ਆਪਣੀ ਕਾਵਿ ਪੋਥੀ ਵਿਚ ਕਈ ਨਵੇਕਲੇ ਪ੍ਰਤੀਕਾਂ ਦਾ ਇਸਤੇਮਾਲ ਕੀਤਾ ਹੈ।ਪਰੰਪਰਾਗਤ ਪ੍ਰਤੀਕ ਬਹੁਤ ਘੱਟ ਪ੍ਰਾਪਤ ਹੋਏ ਹਨ। ਕਵਿਤਾ ਦਾ ਸਭ ਤੋਂ ਵੱਡਾ ਪ੍ਰਤੀਕ ਨਾਨਕ ਹੈ। ਨਾਨਕ ਨਾਮ ਅਤੇ ਉਸਦੇ ਜੀਵਨ ਤੋਂ ਗੁਰਮਤਿ ਅਤੇ ਸਿੱਖੀ ਦਾ ਸਾਰਾ ਸਾਰ ਪ੍ਰਾਪਤ ਹੋ ਜਾਂਦਾ ਹੈ।ਰੌਸ਼ਨਦਾਨ ਨੂੰ ਕਿਤਾਬ, ਪਿਰਾਮਿਡ ਨੂੰ, ਪੱਛਮ ਅਤੇ ਪੂਰਬ ਦੀਆਂ ਸੱਭਿਅਤਾਂ, ਚਿੜੀ ਨੂੰ ਅਜ਼ਾਦੀ, ਖ਼ਰਾਬ ਰਿਸ਼ਤਿਆਂ ਨੂੰ ਜੰਗਾਲ ਲੱਗੇ ਜਿੰਦਰੇ, ਰੁੱਖਾਂ ਨੂੰ ਧਰਤ ਦੇ ਰੋਮ, ਜੰਗਲ ਨੂੰ ਧਰਤ ਦੇ ਕੇਸ, ਭਾਰਤੀ ਸੱਭਿਅਤਾ ਨੂੰ ਸਿਫ਼ਰ ਸ਼ਬਦ ਨਾਲ ਜੋੜ ਕੇ ਜ਼ਫ਼ਰ ਪਾਠਕਾਂ ਲਈ ਨਵ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ।

## 2.4.3 ਅਲੰਕਾਰ ਯੋਜਨਾ ਅਤੇ ਸਮਾਸਾਂ ਦੀ ਵਰਤੋਂ

ਕਾਵਿ ਵਿਚ ਅਲੰਕਾਰ ਦਾ ਸੰਬੰਧ ਸ਼ੋਭਾ ਜਾਂ ਸ਼ਿੰਗਾਰ ਨਾਲ ਹੁੰਦਾ ਹੈ।ਕਾਵਿ ਦੇ ਸਹੁੱਪਣ ਨੂੰ ਵਧਾਉਣ ਵਾਲੇ ਤੱਤ ਨੂੰ ਅਲੰਕਾਰ ਕਿਹਾ ਜਾਂਦਾ ਹੈ।ਅਲੰਕਾਰ ਦੀ ਵਰਤੋਂ ਕਵਿਤਾ ਵਿਚ ਪ੍ਰਭਾਵ, ਸੁਖਮਤਾ, ਸਪਸ਼ਟਤਾ, ਰੋਮਾਂਚਕਤਾ ਨੂੰ ਵਧਾਉਣ ਲਈ ਕੀਤੀ ਜਾਂਦੀ ਹੈ।ਅਸੀਂ ਨਾਨਕ ਦੀ ਕੀ ਲੱਗਦੇ ਕਾਵਿ ਪੋਥੀ ਵਿਚ ਬਹੁਤ ਢੁਕਵੇਂ ਢੰਗ ਨਾਲ ਅਲੰਕਾਰਾਂ ਦਾ ਇਸਤੇਮਾਲ ਕੀਤਾ ਗਿਆ ਹੈ।ਹੇਠਾਂ ਦਿੱਤੇ

ਉਦਾਹਰਨ ਵਿਚ ਜਸਵੰਤ ਜ਼ਫ਼ਰ ਵੱਲੋਂ ਖ਼ੂਬਸੂਰਤੀ ਨਾਲ ਸਮਾਸਾਂ ਦਾ ਇਸਤੇਮਾਲ ਕੀਤਾ ਗਿਆ ਹੈ, ਪ੍ਰੇਮੀ-ਪ੍ਰੇਮਿਕਾ ਦੇ ਮਿਲਣ ਨੂੰ ਅੰਬਰ ਮੇਲ ਨਾਲ ਤੁਲਨਾਇਆ ਗਿਆ ਹੈ।

ਹਰੇਕ ਕਣੀ ਅੰਦਰ ਹੁੰਦਾ ਮੀਂਹ
ਮੀਂਹ ਅੰਦਰ ਅਸੰਖ ਕਣੀਆਂ
..............................
ਮੀਂਹ ਮਲਹਾਰ.....ਮੀਂਹ ਮਨੋਹਰ
ਮੀਂਹ ਮਸਤੀ.......ਮੀਂਹ ਮੋਰ
ਮੀਂਹ ਮਿਠਾਸ.........ਮੀਂਹ ਮਮਤਾ

ਵੱਸ ਮੇਰੇ ਵਿਚ ਇਸ ਤਰ੍ਹਾਂ
ਜਿਉਂ ਫੁੱਲੀਂ ਖ਼ੁਸ਼ਬੋ
................
ਤੂੰ ਮੈਨੂੰ ਮਿਲ ਇਸ ਤਰ੍ਹਾਂ
ਜਿਉਂ ਧਰਤੀ ਅੰਬਰ ਮੇਲ
ਮੀਂਹ ਵਾਂਗਰ ਨਾ ਮੇਰੇ 'ਤੇ
ਪੈ ਜਿਉਂ ਪਏ ਤਰੇਲ

## ਰਸ ਸਿਧਾਂਤ:

ਰਸ ਦਾ ਸ਼ਬਦੀ ਅਰਥ ਹੈ-ਸੁਆਦ। ਕਵਿਤਾ ਦੇ ਪੜ੍ਹਨ ਸੁਣਨ ਤੋਂ ਜਿਸ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਉਸਨੂੰ ਸਹਿੱਤ ਦੀ ਭਾਸ਼ਾ ਵਿਚ ਰਸ ਕਿਹਾ ਜਾਂਦਾ ਹੈ। ਕਵੀ ਦੇ ਰਚਨਾਤਮਕ ਅਨੁਭਵ ਅਤੇ ਪਾਠਕਾਂ ਦੇ ਅਨੁਭਵ ਵਿਚ ਜਿੰਨੀ ਜ਼ਿਆਦਾ ਸਮਾਨਤਾ ਹੋਵੇਗੀ, ਰਸ ਦਾ ਸੰਚਾਰ ਉਨੇ ਹੀ ਵਧੀਆਂ ਢੰਗ ਨਾਲ ਹੋਵੇਗਾ। ਖੁੱਲ੍ਹੀ ਕਵਿਤਾ ਵਿਚ ਰਸ ਪੈਦਾ ਕਰਨਾ ਕਈ ਵਾਰ ਚਨੌਤੀਪੂਰਨ ਕਾਰਜ ਹੋ ਜਾਂਦਾ ਹੈ। ਪਰ ਜਸਵੰਤ ਜ਼ਫ਼ਰ ਨੂੰ ਇਸ ਵਿਚ ਮਹਾਰਤ ਹਾਸਲ ਹੈ। ਕਵਿਤਾ ਪੜ੍ਹਨ ਤੋਂ ਬਾਦ ਸੋਚ ਦੇ ਦਾਰਿਏ ਨੂੰ ਵਿਸ਼ਾਲ ਕਰ ਦਿੰਦੀ ਹੈ। ਸ਼ਬਦਾਂ ਦੇ ਨਵ ਅਰਥ ਅਤੇ ਵਿਚਾਰਕ ਭਾਸ਼ਾ ਪਾਠਕ ਦੇ ਮਨ ਵਿਚ ਰਸ ਦਾ

ਨਿਰਮਾਣ ਕਰਦੀ ਹੈ।

## ਜਸਵੰਤ ਜ਼ਫ਼ਰ ਦੀ ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਦੇ ਅਧਾਰ ਉੱਤੇ ਉਸਦੀ ਕਾਵਿ ਸ਼ੈਲੀ

ਜਸਵੰਤ ਜ਼ਫ਼ਰ ਦੀ ਕਾਵਿ ਸ਼ੈਲੀ ਨਿੱਜੀ ਅਤੇ ਮੌਲਿਕ ਹੈ। ਇਸੇ ਕਾਰਨ ਉਸ ਦੀ ਕਵਿਤਾ ਵਿਚਾਰਧਾਰਾਈ ਅਧਾਰ ਉੱਤੇ ਬਾਕੀਆਂ ਕਵੀਆਂ ਨਾਲੋ ਨਵੇਕਲੀ ਅਤੇ ਵੱਖ ਜਾਪਦੀ ਹੈ। ਕਾਵਿ ਸ਼ੈਲੀ ਵਿਚ ਵਿਗਿਆਨਕ ਤਰੀਕੇ ਨਾਲ ਉਸਦੇ ਸ਼ਬਦਾਂ ਨੂੰ ਵਿਸ਼ਾਲਤਾ ਪ੍ਰਦਾਨ ਕੀਤੀ ਹੈ।

### 2.4.4 ਜਸਵੰਤ ਜ਼ਫ਼ਰ ਦੀ ਕਾਵਿ ਭਾਸ਼ਾ ਦੇ ਵਿਸ਼ੇਸ਼ ਗੁਣ:

ਭਾਸ਼ਾ ਖਿਆਲਾਂ ਦੇ ਪ੍ਰਗਟਾਅ ਦਾ ਸਭ ਤੋਂ ਮਹੱਤਵਪੂਰਨ ਸਾਧਨ ਹੈ। ਕਈ ਲੇਖਕਾਂ ਨੇ ਭਾਸ਼ਾ ਨੂੰ ਇੰਨਾ ਮਹੱਤਵਪੂਰਨ ਮੰਨਿਆ ਹੈ ਕਿ ਸਾਹਿੱਤ ਨੂੰ ਭਾਸ਼ਾ ਦਾ ਪ੍ਰਗਟਾਅ ਹੀ ਕਿਹਾ ਹੈ। ਕਵਿਤਾ ਦੀ ਸਫਲ ਪੇਸ਼ਕਾਰੀ ਰਸਮਈ ਭਾਸ਼ਾ ਉੱਤੇ ਹੀ ਨਿਰਭਰ ਕਰਦੀ ਹੈ। ਚਾਹੇ ਕਵਿਤਾ ਗੁਰਮਤਿ ਦੇ ਪ੍ਰਭਾਵ ਦੀ ਪੇਸ਼ਕਾਰੀ ਕਰਦੀ ਹੈ ਪਰ ਇਸ ਵਿਚ ਔਖੀ ਅਲੌਕਿਕ ਭਾਸ਼ਾ ਦਾ ਇਸਤੇਮਾਲ ਕਰਨ ਦੀ ਬਜਾਏ ਸੌਖੀ ਭਾਸ਼ਾ ਦਾ ਇਸਤੇਮਾਲ ਕੀਤਾ ਗਿਆ ਹੈ। ਭਾਸ਼ਾ ਆਪਣੇ ਸੰਦੇਸ਼ ਨੂੰ ਸਹਿਜੇ ਹੀ ਪਾਠਕ ਤੱਕ ਪਹੁੰਚਾ ਰਹੀ ਹੈ। ਭਾਸ਼ਾ ਦੇ ਸ਼ਬਦ ਸਰਲ ਹੋਣ ਦੇ ਬਾਵਜੂਦ ਵੀ ਵਿਸ਼ਾਲ ਅਰਥਾਂ ਦੇ ਧਾਰਣੀ ਬਣ ਗਏ ਹਨ। ਗੁਰਮਤਿ ਤੇ ਵਿਗਿਆਨਕ, ਪਰੰਪਰਾਗਤ ਅਤੇ ਨਵੇਕਲੀ ਸ਼ਬਦਾਵਲੀ ਦੇ ਮਿਲੇ-ਜੁਲੇ ਪ੍ਰਭਾਵ ਨੇ ਪੰਜਾਬੀ ਕਾਵਿ ਭਾਸ਼ਾ ਦੇ ਸੰਸਾਰ ਨੂੰ ਅਮੀਰੀ ਪ੍ਰਦਾਨ ਕੀਤੀ ਹੈ।

ਉਦਾਸੀਆਂ ਤੇ ਨਹੀਂ ਚੜ੍ਹ ਸਕਦੇ
ਆਕਾਸ਼ ਵਿਚ ਅਲਮਸਤ ਨਹੀਂ ਉੱਡ ਸਕਦੇ
ਪ੍ਰਵਾਜ਼ ਨਹੀਂ ਭਰ ਸਕਦੇ
ਉਪ ਗ੍ਰਹਿ ਵਾਂਗ
ਨਿਸ਼ਚਿਤ ਗੋਲ ਧਾਰੇ ਵਿਚ ਹੀ ਘੁੰਮ ਸਕਦੇ ਹਾਂ
ਸਾਡਾ ਮਾਰਗ ਤਾਂ ਹੋ ਸਕਦਾ ਜ਼ੀਰੋ ਵਰਗਾ
ਗੋਲ ਜਾਂ ਇਲੈਪਟੀਕਲ
ਜੋ ਭੂਤ ਉਹੀ ਭਵਿੱਖ

ਪੈਰਾਬੋਲਿਕ ਪਾਥ ਬਾਰੇ ਨਹੀਂ ਸੋਚ ਸਕਦੇ
ਸਾਨੂੰ ਅਨੰਤ ਵਿਸ਼ਾਲ ਭਵਿੱਖ ਤੋਂ ਡਰ ਲਗਦਾ ਹੈ

**ਕਾਵਿ ਭਾਸ਼ਾ ਦਾ ਰਸ:**

ਜਸਵੰਤ ਜ਼ਫ਼ਰ ਦੀ ਭਾਸ਼ਾ ਬਹੁਤ ਰਸਮਈ ਹੈ। ਕਵਿਤਾਵਾਂ ਕੇਵਲ ਹੈਰਾਨੀ ਅਤੇ ਸੋਚਣ ਉੱਤੇ ਮਜਬੂਰ ਹੀ ਨਹੀਂ ਕਰਦੀਆਂ ਸਗੋਂ ਵਿਸ਼ਾਲ ਵਿਚਾਰਕ ਅਧਾਰ ਪ੍ਰਦਾਨ ਕਰਕੇ ਮਨ ਅੰਦਰ ਰਸ ਧਾਰਾ ਵੀ ਪੈਦਾ ਕਰਦੀਆਂ ਹਨ। ਖੁੱਲੀ ਕਵਿਤਾ ਵਿਚ ਰਸ ਪੈਦਾ ਕਰਨਾ ਕਈ ਵਾਰ ਚਨੌਤੀਪੂਰਨ ਕਾਰਜ ਹੋ ਜਾਂਦਾ ਹੈ। ਪਰ ਜਸਵੰਤ ਜ਼ਫ਼ਰ ਨੂੰ ਇਸ ਵਿਚ ਮੁਹਾਰਤ ਹਾਸਲ ਹੈ। ਕਵਿਤਾ ਪੜ੍ਹਨ ਤੋਂ ਬਾਦ ਸੋਚ ਦੇ ਦਾਇਰਿਏ ਨੂੰ ਵਿਸ਼ਾਲ ਕਰ ਦਿੰਦੀ ਹੈ। ਸ਼ਬਦਾਂ ਦੇ ਨਵ ਅਰਥ ਅਤੇ ਵਿਚਾਰਕ ਭਾਸ਼ਾ ਪਾਠਕ ਦੇ ਮਨ ਵਿਚ ਰਸ ਦਾ ਨਿਰਮਾਣ ਕਰਦੀ ਹੈ। ਜਸਵੰਤ ਜ਼ਫ਼ਰ ਲਿਖਦੇ ਹਨ:

ਆਦਮੀ ਆਪਣੀ ਦੌੜ ਕਾਰਨ
ਏਸ ਤਰ੍ਹਾਂ ਦੀ ਦੌੜ ਕਾਰਨ ਸਦੀਆਂ ਵਿਚ ਨਹੀਂ
ਸਾਲਾਂ ਵਿਚ ਹੀ
ਮੁੜਕੋ-ਮੁੜਕੀ ਹੋ ਜਾਂਦਾ
ਤੇ ਫਿਰ ਪੂਰਬ ਵੱਲ ਨੂੰ
ਦੁੜਕੋ-ਦੁੜਕੀ ਹੋ ਜਾਂਦਾ

ਕਵਿਤਾ ਪਦਾਰਥਵਾਦ, ਉਦਯੋਗਵਾਦ, ਮਸ਼ੀਨੀਕਰਨ, ਉਪਭੋਗਤਾਵਾਦ ਦੀ ਦੌੜ ਵਿਚ ਛੇਤੀ ਹੀ ਨਿਰਾਸ਼ ਹੋ ਚੁੱਕੇ ਆਦਮੀ ਦੀ ਸ਼ਾਂਤੀ ਲੱਭਣ ਦੀ ਦੌੜ ਨੂੰ ਪ੍ਰਗਟ ਕਰ ਰਹੀ ਹੈ।

**ਨਵੇਕਲੇ ਬਿੰਬ ਅਤੇ ਪ੍ਰਤੀਕ** :

ਜਸਵੰਤ ਜ਼ਫ਼ਰ ਦੇ ਬਿੰਬਾਵਲੀ ਦਾ ਖ਼ਾਕਾ ਬਹੁਤ ਵਿਸ਼ਾਲ ਹੈ। ਉਸਦੀਆਂ ਕਵਿਤਾਵਾਂ ਸਹਿਜੇ ਹੀ ਪਾਠਕ ਦੀਆਂ ਇੰਦਰੀਆਂ ਨੂੰ ਟੁੰਬ ਲੈਂਦੀਆਂ ਹਨ। 'ਨਾਨਕ' ਕਵਿਤਾ ਵਿਚ ਨਾਨਕ ਦੀ ਅਸਲ ਤਸਵੀਰ ਦੀ ਕਲਪਨਾ ਪਾਠਕ ਸਾਹਮਣੇ ਸਫਲਤਾਪੂਰਵਕ ਦ੍ਰਿਸ਼ ਬਿੰਬ ਦਾ ਨਿਰਮਾਣ ਕਰ ਦਿੰਦੀ ਹੈ ਇਸ ਤੋਂ ਇਲਾਵਾ ਸੁਰਖ ਟਿਪਸੀ ਹੋਂਠ, ਏਰਅਲੀ ਨਿਖਾਰ ਨਾਨਕ ਨਾਮ ਅਤੇ ਉਸਦੇ ਜੀਵਨ ਤੋਂ

ਗੁਰਮਤਿ ਅਤੇ ਸਿੱਖੀ ਦਾ ਸਾਰਾ ਸਾਰ ਪ੍ਰਾਪਤ ਹੋ ਜਾਂਦਾ ਹੈ। ਰੌਸ਼ਨਦਾਨ ਨੂੰ ਕਿਤਾਬ, ਪਿਰਾਮਿਡ ਨੂੰ ਪੱਛਮ ਅਤੇ ਪੂਰਬ ਦੀਆਂ ਸੱਭਿਅਤਾਵਾਂ, ਚਿੜੀ ਨੂੰ ਅਜ਼ਾਦੀ, ਖ਼ਰਾਬ ਰਿਸ਼ਤਿਆਂ ਨੂੰ ਜੰਗਾਲ ਲੱਗੇ ਜਿੰਦਰੇ ਰੁੱਖਾਂ ਨੂੰ ਧਰਤ ਦੇ ਰੋਮ, ਜੰਗਲ ਨੂੰ ਧਰਤ ਦੇ ਕੇਸ, ਭਾਰਤੀ ਸੱਭਿਅਤਾ ਨੂੰ ਸਿਫ਼ਰ ਸ਼ਬਦ ਨਾਲ ਜੋੜ ਕੇ ਜ਼ਫ਼ਰ ਪਾਠਕਾਂ ਲਈ ਨਵ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ।

**ਵਿਗਿਆਨ:**

ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਜਸਵੰਤ ਜ਼ਫ਼ਰ ਨੇ ਵਿਗਿਆਨ ਦਾ ਸਹਾਰਾ ਲਿਆ ਹੈ। ਉਨ੍ਹਾਂ ਦੀ ਕਵਿਤਾ 'ਜ਼ੀਰੋ', 'ਸਿਫ਼ਰ ਸੱਭਿਆਚਾਰ', 'ਕੰਪੀਟੀਸ਼ਨ', 'ਪਿਰਾਮਿਡ' ਪਿੱਛੇ ਵਿਗਿਆਨਕ ਦਰਸ਼ਨ ਕਾਰਜ ਕਰ ਰਿਹਾ ਹੈ।

### ਅਲੰਕਾਰ ਅਤੇ ਸਮਾਸ ਯੋਜਨਾ

ਅਲੰਕਾਰ ਦੀ ਵਰਤੋਂ ਕਵਿਤਾ ਵਿਚ ਪ੍ਰਭਾਵ, ਸੂਖਮਤਾ, ਸਪਸ਼ਟਤਾ, ਰੋਮਾਂਚਕਤਾ ਨੂੰ ਵਧਾਉਣ ਲਈ ਕੀਤੀ ਜਾਂਦੀ ਹੈ। ਅਸੀਂ ਨਾਨਕ ਦੇ ਕੀ ਲੱਗਦੇ ਹਾਂ ਕਾਵਿ ਪੋਥੀ ਵਿਚ ਬਹੁਤ ਢੁਕਵੇਂ ਢੰਗ ਨਾਲ ਅਲੰਕਾਰਾਂ ਦਾ ਇਸਤੇਮਾਲ ਕੀਤਾ ਗਿਆ ਹੈ। ਜਸਵੰਤ ਜ਼ਫ਼ਰ ਵੱਲੋਂ ਖ਼ੂਬਸੂਰਤੀ ਨਾਲ ਸਮਾਸਾਂ ਦਾ ਇਸਤੇਮਾਲ ਕੀਤਾ ਗਿਆ ਹੈ, ਪ੍ਰੇਮੀ-ਪ੍ਰੇਮਿਕਾ ਦੇ ਮਿਲਣ ਨੂੰ ਅੰਬਰ ਮੇਲ ਨਾਲ ਤੁਲਨਾਇਆ ਗਿਆ ਹੈ।

## 2.4.5 ਜਸਵੰਤ ਜ਼ਫ਼ਰ ਦਾ ਪੰਜਾਬੀ ਸਾਹਿੱਤ ਵਿਚ ਸਥਾਨ

ਜਸਵੰਤ ਜ਼ਫ਼ਰ ਹੁਣ ਤੱਕ ਪੰਜ ਪੁਸਤਕਾਂ ਪੰਜਾਬੀ ਸਹਿੱਤ ਨੂੰ ਸਮਰਪਿਤ ਕਰ ਚੁੱਕਿਆ ਹੈ। ਉਨ੍ਹਾਂ ਦੀ ਪਹਿਲੀ ਪੁਸਤਕ 'ਦੋ ਸਾਹਾਂ ਦੇ ਵਿਚਕਾਰ' 1993 ਵਿਚ ਪ੍ਰਕਾਸ਼ਿਤ ਹੋਈ, ਇਸ ਤੋਂ ਬਾਦ, 'ਅਸੀਂ ਨਾਨਕ ਦੇ ਕੀ ਲੱਗਦੇ ਹਾਂ'(2001), ਸਿੱਖ ਸੁ ਖੋਜਿ ਲਹੈ (2007) ਇਹ ਬੰਦਾ ਕੀ ਹੁੰਦੇ (2010) ਮੈਨੂੰ ਇਉਂ ਲੱਗਿਆ (2015) ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਬਤੌਰ ਪੇਸ਼ਾ ਇੰਜੀਨੀਅਰ ਹੋਣ ਕਰਕੇ ਉਨ੍ਹਾਂ ਦਾ ਵਾਹ ਵਿਗਿਆਨ ਨਾਲ ਕਾਫ਼ੀ ਰਿਹਾ ਹੈ ਅਤੇ ਇਸਦਾ ਅਸਰ ਉਨ੍ਹਾਂ ਦੀਆਂ ਕਵਿਤਾਵਾਂ ਵਿਚ ਵੀ ਦਿਖਾਈ ਦਿੰਦਾ ਹੈ। ਜ਼ਫ਼ਰ ਦੀਆਂ ਕਵਿਤਾਵਾਂ ਵਿਚ ਗੁਰਬਾਣੀ ਅਤੇ ਗੁਰਮਤਿ ਵਿਚਾਰਧਾਰਾ ਦੇ ਨਾਲ-ਨਾਲ ਤਰਕ ਅਤੇ ਵਿਗਿਆਨ ਦੇ ਦ੍ਰਿਸ਼ਟੀਕੋਣ ਵੀ ਨਜ਼ਰ ਆਉਂਦੇ ਹਨ। ਕਵੀ ਅਤੇ ਆਪਣੇ

ਕਿੱਤੇ ਤੋਂ ਇਲਾਵਾ ਜ਼ਫ਼ਰ ਇੱਕ ਵਾਰਤਕਾਰ, ਚਿੱਤਰਕਾਰ ਅਤੇ ਫੋਟੋਗ੍ਰਾਫ਼ਰ ਵੀ ਹਨ ਅਤੇ ਇਸ ਬਹੁਰੰਗੀ ਸ਼ਖਸ਼ੀਅਤ ਦਾ ਪ੍ਰਭਾਵ ਉਨ੍ਹਾਂ ਦੀ ਕਵਿਤਾ ਉੱਪਰ ਵੀ ਦਿਸਦਾ ਹੈ।

## 2.5 ਸਾਰ (Summary):

ਇਸ ਪ੍ਰਕਾਰ ਜਸਵੰਤ ਜ਼ਫ਼ਰ ਸਮਕਾਲੀ ਆਧੁਨਿਕ ਕਵਿਤਾ ਵਿਚ ਇਕ ਵਿਲੱਖਣ ਸ਼ਖਸ਼ੀਅਤ ਦਾ ਮਾਲਕ ਹੈ, ਜਿਸਨੇ ਆਪਣੀ ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਵਿਚ ਨਵੇਂ ਵਿਸ਼ਿਆਂ ਨੂੰ ਸਿਰਜ ਕੇ ਕਾਵਿ ਧਾਰਾ ਨੂੰ ਸਮ੍ਰਿਧ ਕੀਤਾ ਹੈ। ਉਨ੍ਹਾਂ ਦੀ ਕਾਵਿ ਪੋਥੀ ਅਜੋਕੇ ਸਮੇਂ ਵਿਚ ਨਿਘਾਰ ਵਿਚ ਜਾ ਰਹੀ ਸਿੱਖੀ ਨੂੰ ਨਵੇਕਲਾ ਅਤੇ ਸਹੀ ਰਾਹ ਦਿਖਾ ਰਹੀ ਹੈ। ਵਿਸ਼ੇ ਦੀ ਗੰਭੀਰਤਾ ਨੂੰ ਬਰਕਰਾਰ ਰੱਖਦੇ ਹੋਏ, ਵਿਅੰਗ ਅਤੇ ਕਟਾਕਸ਼ ਦੇ ਨਾਲ ਆਪਣੀ ਗੱਲ ਨੂੰ ਰੱਖਣਾ ਜਸਵੰਤ ਜ਼ਫ਼ਰ ਦੀ ਦਾਰਸ਼ਨਕ ਬੁੱਧੀ ਦਾ ਸਬੂਤ ਹੈ।

## 2.6 ਸ਼ਬਦਾਵਲੀ (Glossary)

**ਵਲਗਣ :** ਘੇਰਾ, ਦੀਵਾਰ ਆਦਿ ਨਾਲ ਘੇਰਿਆ ਹੋਇਆ ਮੰਡਲ ਹਾਤਾ, ਦੇਖੋ, ਵਲ ਧਾ ਅਤੇ ਵਲਣਾ।

**ਵਿਸਥਾਰਣ:** ਪਰਸਾਰ, ਫੈਲਾਉ

**ਸੋਧੇ ਪ੍ਰਬੋਧੇ:** ਗਿਆਨਵਾਨ, ਜਾਗਦੇ

**ਪਤਵੰਤੇ:** ਸਤਿਕਾਰਯੋਗ, ਅਮੀਰ

**ਧਿਆਨ ਧਰਨਾ**: ਚਿੰਤਨ, ਸਿਮਰਨ

**ਲੱਥ-ਪੱਥ:** ਪੂਰੀ ਤਰ੍ਹਾਂ ਲਿਬੜਿਆ ਹੋਇਆ

**ਪਿੰਜਣੀਆਂ:** ਲੱਤ ਦੇ ਹੇਠਾਂ ਗੋਡੇ ਦਾ ਪਿਛਲਾ ਹਿੱਸਾ

**ਤਿੜਕੀਆਂ:** ਤੇੜ ਆ ਜਾਈ, ਦਰਾਰ ਪੈ ਜਾਈ

**ਲੂੰਆਂ:** ਮਨੁੱਖ ਦੇ ਸਰੀਰ ਦੇ ਬਰੀਕ ਵਾਲ, ਜਾਨਵਰ ਦੇ ਪਿੰਡੇ ਉਤਲੇ ਵਾਲ

**ਝੰਬੀ:** ਝਾੜਨਾ, ਫਟਕਾਰਨਾ, ਛਟੀ ਨਾਲ ਕਪਾਹ ਵਿਚੋਂ ਗਰਦ ਨਿਖੇੜਨਾ

**ਦਗਦੀਆਂ:** ਚਮਕਣਾ, ਮੱਚਣਾ

**ਮਘਦੀਆਂ:** ਜਲੌ ਵਿਚ ਹੋਣਾ, ਪੂਰੀ ਤਾਕਤ ਨਾਲ ਬਲਣਾ ਜਾਂ ਜਲਣਾ, ਚੜ੍ਹਦੀ ਕਲਾ ਵਿਚ ਰਹਿਣਾ
**ਟਿੱਚ ਜਾਣਦੀਆਂ:** ਕਿਸੇ ਦੀ ਪਰਵਾਹ ਨਾ ਕਰਨਾ

**ਅਲ੍ਹਾਉਂਦੇ:** ਅਲਾਪਨਾ, ਬੋਲਣਾ, ਕਹਿਣਾ

**ਮੋਦੀਖਾਨਾ:** ਮੋਦੀ ਲਫਜ਼ ਮੂਲ ਰੂਪ ਵਿਚ, ਅਰਬੀ ਦਾ ਲਫਜ਼ ਹੈ, ਜਿਸ ਦਾ ਅਰਥ ਹੈ, ਰਸਦ ਆਦਿ ਦਾ ਇੰਤਜ਼ਾਮ ਕਰਨ ਵਾਲਾ। ਜਿਸ ਵਿਚ ਰਸਦ ਦੀ ਸੰਭਾਲ ਕਰਨੀ, ਉਸ ਦਾ ਵਿਤਰਣ ਕਰਨਾ (ਵਰਤਾਉਣਾ) ਅਤੇ ਉਸ ਦਾ ਹਿਸਾਬ-ਕਿਤਾਬ ਆਦਿ ਰੱਖਣਾ ਸ਼ਾਮਿਲ ਹੁੰਦਾ ਹੈ। ਇਸ ਦਾ ਹੀ ਛੋਟਾ ਰੂਪ ਭੰਡਾਰੀ ਹੁੰਦਾ ਹੈ। ਮੋਦੀਖ਼ਾਨੇ ਦਾ ਅਰਥ ਹੈ, ਰਸਦ ਆਦਿ ਸੰਭਾਲਣ ਦਾ ਗੋਦਾਮ।

**ਭਾਉਂਦੇ:** ਚੰਗਾ ਲੱਗਣਾ, ਪਸੰਦ ਆਉਣਾ; ਘੁੰਮਣਾ, ਗੇੜੇ ਕੱਢਣਾ

**ਗੋਸ਼ਟੀਆਂ:** ਸੰਮੇਲਨ, ਕਿਸੇ ਵਿਸ਼ੇ ਉੱਤੇ ਲੇਖਾਂ ਦੀ ਮਾਲਾ

**ਦੀਦਾਰ:** ਦਰਸ਼ਨ

**ਡਾਰਾਂ:** ਸਮੂਹ, ਪੰਗਤੀ

**ਪਿਰਾਮਿਡ:** ਤਿਕੋਨਾ ਢਾਂਚਾ, ਵਿਗਿਆਨ ਵਿਚ ਭੋਜਨ ਲੜੀ ਨਾਲ ਸੰਬੰਧਤ ਤਿਕੋਨਾ ਢਾਂਚਾ

## 2.7 ਅਭਿਆਸ ਲਈ ਪ੍ਰਸ਼ਨ [(Self Assessment Questions (SAQ)]

1. ਪ੍ਰਸ਼ਨ: ਜਸਵੰਤ ਜ਼ਫ਼ਰ ਦੀ ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਵਿਚਲੇ ਵਿਸ਼ਿਆਂ ਉੱਤੇ ਚਾਣਨਾ ਪਾਉ?

2. ਪ੍ਰਸ਼ਨ: ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਦੇ ਅਧਾਰ ਉੱਤੇ ਜਸਵੰਤ ਜ਼ਫ਼ਰ ਦੀ ਕਾਵਿਸ਼ੈਲੀ ਦੀਆਂ ਵਿਸ਼ੇਸ਼ਤਾਵਾਂ ਦੱਸੋ?

3. ਪ੍ਰਸ਼ਨ: ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਵਿਚ ਗੁਰਮਤਿ ਅਤੇ ਨਾਨਕ ਦੇ ਸੰਦੇਸ਼ ਦੀ

ਵਿਆਖਿਆ ਕਿਸ ਪ੍ਰਕਾਰ ਕੀਤੀ ਗਈ ਹੈ।

4. ਪ੍ਰਸ਼ਨ: ਕਾਵਿ ਪੋਥੀ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਦੇ ਅਧਾਰ ਉੱਤੇ ਜਸਵੰਤ ਜ਼ਫ਼ਰ ਦੀ ਕਾਵਿ ਭਾਸ਼ਾ ਵਿਚ ਵਿਗਿਆਨਕ ਸ਼ਬਦਾਵਲੀ ਕਿਵੇਂ ਦ੍ਰਿਸ਼ਟੀਕੋਣ ਨੂੰ ਵਿਸ਼ਾਲਤਾ ਪ੍ਰਦਾਨ ਕਰਦੀ ਹੈ?

## 2.8 ਸਹਾਇਕ ਗ੍ਰੰਥਾਵਲੀ (Suggestive Reading) :

1. ਅਸੀਂ ਨਾਨਕ ਦੇ ਕੀ ਲਗਦੇ ਹਾਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ-2007

## 2.9 ਸਹਾਇਕ ਪੁਸਤਕਾਂ

1. ਡਾ. ਯੋਗਰਾਜ, ਨਵੀਂ ਪੰਜਾਬੀ ਸ਼ਾਇਰੀ: ਸਮਕਾਲੀ ਸੰਦਰਭ

2. ਡਾ. ਸੁਖਦੇਵ ਸਿੰਘ, ਕਾਵਿ ਸਰੋਕਾਰ

3. ਬਲਕਾਰ ਸਿੰਘ, ਭੂਮਿਕਾ, ਸਿਖੁ ਸੋ ਖੋਜਿ ਲਹੈ

4. ਜਸਵੰਤ ਜ਼ਫ਼ਰ, ਮੈਨੂੰ ਇਉਂ ਲੱਗਿਆ

......................................

# 'ਕਾਵਿ ਮਹਿਕਾਂ

## (ਡਾ. ਹਰਜਿੰਦਰ ਸਿੰਘ, ਡਾ. ਪ੍ਰੀਤਮ ਸਿੰਘ)

**3.1 ਜਾਣ-ਪਛਾਣ (Introduction)**

**3.2 ਉਦੇਸ਼ (Objective)**

**3.3 ਵਿਸ਼ਾ ਪੱਖ (Content Section)**

**3.3.1 ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦੇ ਸੰਗ੍ਰਿਹ 'ਕਾਵਿ ਮਹਿਕਾਂ' ਵਿਚੋਂ ਚੋਣਵੀਆਂ ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ**

**3.3.2 ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦੇ ਸੰਗ੍ਰਿਹ 'ਕਾਵਿ ਮਹਿਕਾਂ' ਦੇ ਵਿਸ਼ੇ ਅਤੇ ਉਦੇਸ਼**

**3.3.3 ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦੇ ਸੰਗ੍ਰਿਹ 'ਕਾਵਿ ਮਹਿਕਾਂ' ਵਿਚਲੀ ਕਵਿਤਾ ਦੀ ਸਾਹਿੱਤਕ ਆਲੋਚਨਾ**

**3.3.4 ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦੇ ਸੰਗ੍ਰਿਹ 'ਕਾਵਿ ਮਹਿਕਾਂ' ਵਿਚਲੇ ਕਵੀਆਂ ਦਾ ਪੰਜਾਬੀ ਸਾਹਿੱਤ ਨੂੰ ਯੋਗਦਾਨ**

**3.4 ਨਿਸ਼ਕਰਸ਼ (Summary) :**

**3.5 ਔਖੇ ਸ਼ਬਦ (Glossary) :**

**3.6 ਅਭਿਆਸ ਲਈ ਪ੍ਰਸ਼ਨ [Self Assessment Questions (SAQ)]**

**3.7 ਸਹਾਇਕ ਗ੍ਰੰਥਾਵਲੀ (Suggestive Reading)**

## 3.1 ਜਾਣ-ਪਛਾਣ (Introduction):

ਕਾਵਿ ਪੋਥੀ 'ਕਾਵਿ ਮਹਿਕਾਂ' ਵਿਚ ਪੰਦਰਾਂ ਕਵੀਆਂ ਦੀਆਂ ਕਾਵਿ ਕਿਰਤਾਂ, ਕਵਿਤਾਵਾਂ, ਗ਼ਜ਼ਲਾਂ ਅਤੇ ਗੀਤਾਂ ਦੇ ਰੂਪ ਵਿਚ ਦਰਜ ਹਨ। ਇਹ ਕਾਵਿ ਪੋਥੀ ਜੰਮੂ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ ਲਈ ਨੇਕ ਉੱਪਰਾਲੇ ਦੀ ਗਵਾਹੀ ਭਰਦੀ ਹੈ। ਕਵਿਤਾਵਾਂ ਦਾ ਇਹ ਸੰਗ੍ਰਿਹ ਪੰਜਾਬੀ ਕਵਿਤਾ ਨੂੰ ਜੰਮੂ ਵਿਚ ਇਕ ਨਵੇਕਲਾ ਸਥਾਨ ਪ੍ਰਦਾਨ ਕਰੇਗਾ। ਉਜਾਗਰ ਸਿੰਘ ਮਹਿਕ, ਅਮਰ ਸਿੰਘ ਕੂਕਾ, ਮਾਨ ਭਾਰਗਵ, ਜੋਗਿੰਦਰ ਸਿੰਘ ਪਾਂਧੀ, ਕੀਰਤ ਸਿੰਘ ਇਨਕਲਾਬੀ, ਸੁਰਿੰਦਰ ਸਿੰਘ ਸੀਰਤ, ਅਜੀਤ ਸਿੰਘ ਮਸਤਾਨਾ, ਨਿਰਮਲ ਵਿਨੋਦ, ਇੱਛੂਪਾਲ, ਦਵਿੰਦਰ ਸਿੰਘ ਵਿਸ਼ਵਨਾਗਰਿਕ, ਡਾ.ਮੋਨੋਜੀਤ, ਸੁਰਜੀਤ ਸਖੀ, ਬਲਜੀਤ ਸਿੰਘ ਰੈਨਾ, ਸੁਰਿੰਦਰ ਨੀਰ, ਸਵਾਮੀ ਅੰਤਰਨੀਰਵ ਨੂੰ ਇਸ ਕਾਵਿ ਪੋਥੀ ਵਿਚ ਸ਼ਾਮਿਲ ਕੀਤਾ ਗਿਆ ਹੈ। ਕਵਿਤਾਵਾਂ ਵਿਚ ਆਧੁਨਿਕ ਪੰਜਾਬੀ ਕਵਿਤਾ ਦੇ ਸਾਰੇ ਰੰਗ ਪ੍ਰਾਪਤ ਹੁੰਦੇ ਹਨ। ਇਹ ਕਵਿਤਾ ਸਮਕਾਲਿਕ ਯੁੱਗ, ਵਰਤਮਾਨ ਪ੍ਰਸਥਿਤੀਆਂ, ਅਨਾਤਮ ਦੀ ਬਜਾਏ ਆਤਮ ਰਾਹੀਂ ਵਰਤਮਾਨ ਸਮੱਸਿਆਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਵਿਚ ਰਾਜਸੀ ਲੁੱਟ ਖਸੁੱਟ, ਭ੍ਰਿਸ਼ਟਾਚਾਰ, ਕਸ਼ਮੀਰ ਸੰਕਟ, ਪ੍ਰਗਤੀਵਾਦੀ, ਪ੍ਰਯੋਗਸ਼ਾਲੀ, ਜੁਝਾਰਵਾਦੀ ਧਾਰਾਵਾਂ ਦਾ ਪ੍ਰਭਾਵ ਵੀ ਦੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਕਵਿਤਾ ਮਹਾਂਨਗਰੀ ਸੱਭਿਅਤਾ, ਮਨੁੱਖ ਦੀ ਬੇਵੱਸੀ, ਦੁਚਿੱਤੀ, ਅਵਿਸ਼ਵਾਸ, ਵਿਸੰਗਤੀ, ਰਿਸ਼ਤਿਆਂ ਦੀ ਟੁੱਟ-ਭੱਜ, ਸ਼ੰਕਾਂ ਅਤੇ ਸਮਕਾਲੀ ਯਥਾਰਥ ਵਿਚ ਤਨਾਉ ਭੋਗ ਰਹੇ ਮਨੁੱਖ ਦੀ ਮਾਨਸਿਕ ਪੇਸ਼ਕਾਰੀ ਕਰਦੀ ਹੈ।

## 3.2 ਉਦੇਸ਼ (Objective):

ਕਵਿਤਾ ਸਾਹਿੱਤ ਦਾ ਸਭ ਤੋਂ ਸੰਵੇਦਨਸ਼ੀਲ ਰੂਪ ਹੈ। ਕਵਿਤਾ ਰਾਹੀਂ ਸੂਖਮ ਤੋਂ ਸੂਖਮ ਦਰਦ ਅਤੇ ਖੁਸ਼ੀ ਨੂੰ ਵਿਅਕਤ ਕੀਤਾ ਜਾ ਸਕਦਾ ਹੈ। ਜੰਮੂ-ਕਸ਼ਮੀਰ ਨੇ ਵੀ ਪੰਜਾਬ ਦੀ ਤਰ੍ਹਾਂ ਵੰਡ ਦੀ ਤਰਾਸਦੀ ਝੇਲੀ ਹੈ। ਇਹ ਖ਼ਿੱਤਾ ਬਹੁਤ ਲੰਬੇ ਸਮੇਂ ਤੋਂ ਦਹਿਸ਼ਤਗਰਦੀ ਅਤੇ ਰਾਜਨੀਤਿਕ ਉਥਲ-ਪੁਥਲ ਨੂੰ ਬਰਦਾਸ਼ਤ ਕਰ ਰਿਹਾ ਹੈ। ਦਹਿਸ਼ਤਗਰਦੀ ਦੇ ਦੌਰ ਵਿਚ ਕਈ ਲੋਕ ਇਸ ਖ਼ਿੱਤੇ ਨੂੰ ਛੱਡ ਕੇ ਪਲਾਇਨ ਕਰ ਚੁੱਕੇ ਹਨ। ਇਸ ਅਣਸੁਖਾਵੇਂ ਮਹੌਲ ਵਿਚ ਸਾਹਿੱਤ ਅਤੇ ਭਾਸ਼ਾਵਾਂ ਦਾ ਵਿਕਾਸ ਇੱਕ ਚੁਨੌਤੀ ਬਣ ਕੇ ਉਭਰਿਆ ਹੈ। ਮਹਿਕਾਂ ਕਾਵਿ ਪੋਥੀ ਨੇ ਇਸ ਕਮੀ ਨੂੰ ਪੂਰਾ ਕੀਤਾ ਹੈ। ਇਹ ਕਾਵਿ ਪੋਥੀ ਜੰਮੂ ਦੇ ਪੰਜਾਬੀ ਕਵੀਆਂ ਦਾ ਇਕ ਕੋਸ਼ ਹੋ ਨਿਬੜਦੀ ਹੈ ਜਿਸ ਵਿਚ ਹਰ ਰੰਗ ਦੀ ਕਵਿਤਾ

ਸ਼ਾਮਿਲ ਕੀਤੀ ਗਈ ਹੈ।

### 3.3.1 ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦੇ ਸੰਗ੍ਰਿਹ 'ਕਾਵਿ ਮਹਿਕਾਂ" ਵਿਚੋਂ ਚੋਣਵੀਆਂ ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ

ਆਈ ਟੀ ਦੇ ਇਸ ਯੁੱਗ 'ਚ
ਫੀਲਿੰਗਜ਼ ਨੂੰ ਸ਼ਬਦਾਂ ਦਾ ਨਿੱਘ ਦੇ ਕੇ
ਠੰਡੀਆਂ ਪੌਣਾਂ 'ਤੇ ਸਵਾਰ ਹੋ
**ਨਰੋਏ** ਪਲਾਂ ਦੇ ਰੂ-ਬ-ਰੂ ਹੋਣ ਦੀ
ਹਾਂ ਉਨ੍ਹਾਂ ਦੇ ਨਿੱਜ 'ਤੇ
ਕੋਈ ਦੀਵਾ ਬਾਲ ਕੇ
ਅਮਲ 'ਚ ਜ਼ਿੰਦਗੀ ਲੱਭਿਏ
ਘਰ ਤੋਂ ਗਏ ਗੱਭਰੂਆਂ ਨੂੰ
ਮੋੜ ਲਿਆਈਏ ਸਰਹੱਦਾਂ ਤੋਂ
ਆਪਣੇ ਗਵਾਂਢੀ ਲਈ
ਈਰਖਾ ਤੇ ਨਫ਼ਰਤ ਦੇ ਨਹੀਂ
ਦੋਸਤੀ ਦੇ ਹੱਥ ਵਧਾਈਏ

**ਪ੍ਰਸੰਗ:**

ਇਹ ਕਾਵਿ ਸਤਰਾਂ ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦਾ ਸੰਗ੍ਰਹਿ ਕਾਵਿ ਪੁਸਤਕ 'ਕਾਵਿ ਮਹਿਕਾਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ ਕੀਰਤ ਸਿੰਘ ਇਨਕਲਾਬੀ ਦੁਆਰਾ ਰਚਿਤ ਕਵਿਤਾ 'ਮੋੜ ਲਿਆਈਏ ਸਰਹੱਦਾਂ ਤੋਂ' ਸਿਰਲੇਖ ਅਧੀਨ ਦਰਜ ਹੈ। ਇਨ੍ਹਾਂ ਸਤਰਾਂ ਵਿਚ ਕਵੀ ਕਸ਼ਮੀਰ ਦੇ ਨੌਜਵਾਨਾਂ ਦੇ ਭਟਕਾਉ ਅਤੇ ਕਸ਼ਮੀਰ ਦੇ ਦੋਹਾਂ ਪਾਸਿਆਂ ਤੋਂ ਲੱਗਦੀਆਂ ਅੰਤਰਾਸ਼ਟਰੀ ਸਰਹੱਦਾਂ ਉੱਤੇ ਤਨਾਉ ਦੇ ਪੱਖ ਨੂੰ ਉਜਾਗਰ ਕਰਦਾ ਹੈ।

**ਵਿਆਖਿਆ:**

ਕਵਿਤਾ 'ਮੋੜ ਲਿਆਈਏ ਸਰਹੱਦਾਂ ਤੋਂ' ਕਸ਼ਮੀਰ ਦੇ ਸਰਹੱਦੀ ਤਨਾਵ ਅਤੇ ਇਸ ਤਨਾਵ ਦੇ ਨੌਜਵਾਨ ਪੀੜ੍ਹੀ ਉੱਤੇ ਅਸਰ ਨੂੰ ਦਰਸਾਉਂਦੀ ਹੈ। ਕਵੀ ਇਸ ਤਕਨੋਲਜੀ ਦੇ ਯੁੱਗ ਵਿਚ ਕਸ਼ਮੀਰ ਵਾਦੀ ਦੀ ਨੌਜਵਾਨ ਪੀੜ੍ਹੀ ਦੇ ਭਟਕਾਵ ਨੂੰ ਬਹੁਤ ਸੰਜੀਦਗੀ ਨਾਲ ਲਿਖਦਾ ਹੈ। ਅਜੋਕੇ ਯੁੱਗ ਵਿਚ ਨੌਜਵਾਨਾਂ ਨੂੰ ਸਹੀ ਸੇਧ ਅਤੇ ਉੱਤਮ ਜੀਵਨ ਦਰਸ਼ਨ ਦੀ ਘਾਟ ਹੈ।ਕਸ਼ਮੀਰ ਦੀਆਂ ਸਰਹੱਦਾਂ ਉੱਤੇ ਸੁੱਖ ਸ਼ਾਂਤੀ ਦੀ ਕਾਮਨਾ ਕਰਦਾ ਹੈ ਅਤੇ ਗੁਆਂਡੀ ਦੇਸ਼ਾਂ ਨੂੰ ਇਕ ਦੂਜੇ ਲਈ ਸਕਾਰਾਤਮਕ ਰਵੱਈਆ ਰੱਖਣ ਦੀ ਅਪੀਲ ਵੀ ਕਰਦਾ ਹੈ। ਕਵੀ ਨੌਜਵਾਨਾਂ ਦੇ ਸਵਾਰਥੀ ਹਿਤਾਂ ਵਾਲੇ ਮਨ ਉੱਤੇ ਦੀਵਾ ਬਾਲਣ ਦੀ ਗੱਲ ਆਖਦਾ ਹੈ।ਕਵੀ ਦਾ ਵਿਚਾਰ ਹੈ ਕਿ ਦੀਵਾ ਅਰਥਾਤ ਨੌਜਵਾਨਾਂ ਨੂੰ ਸਹੀ ਰਾਹ ਦਿਖਾ ਕੇ ਕਸ਼ਮੀਰ ਵਾਦੀ ਵਿਚ ਮਾਨਵਤਾ ਵਿਰੋਧੀ ਸਾਜ਼ਿਸ਼ਾਂ ਉੱਤੇ ਠੱਲ ਪਾਈ ਜਾ ਸਕਦੀ ਹੈ।

ਕੌਣ ਹੈ?
ਆਵਾਜ਼ 'ਚ ਡਰ ਸੀ,
ਇਕ **ਭੈਅ** ਸੀ,
ਮੈਂ ਕਦੀ ਘਰ ਨੂੰ
ਕਦੀ ਘਰ ਦੇ ਬੂਹੇ 'ਤੇ ਲੱਗੀ
ਨਾਂ ਦੀ ਤਖਤੀ ਨੂੰ ਘੂਰਦਾ
ਕੀ ਸੱਚੀ ਮੈਂ ਘਰ ਦੀ
ਦਹਿਲੀਜ਼ 'ਤੇ ਖੜਾ ਹਾਂ?
ਥੋੜੇ ਸਮੇਂ ਤੋਂ ਬਾਅਦ
ਘਰ ਦਾ ਬੂਹਾ ਖੁਲ੍ਹਿਆ,
ਬੂਹੇ ਸਾਹਮਣੇ ਮਾਂ ਸੀ :
ਮੈਂ ਕਦੀ ਡਰੀ ਮਾਂ ਨੂੰ ਵੇਖਦਾ,
ਕਦੀ ਘਰ ਨੂੰ।
ਮੈਂ ਜਾਣਦਾ ਹਾਂ,

ਘਰਦਿਆਂ ਨੂੰ ਡਰ ਲੱਗਾ ਰਹਿੰਦਾ ਹੈ,
ਕਿਧਰੇ ਕੋਈ ਅਣ-ਪਛਾਤੇ,
ਹਥਿਆਰ ਲੈ ਕੇ ਘਰ ਨਾ **ਬਹੁੜ** ਪੈਣ

**ਪ੍ਰਸੰਗ:** ਇਹ ਕਾਵਿ ਸਤਰਾਂ ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦਾ ਸੰਗ੍ਰਹਿ ਕਾਵਿ ਪੁਸਤਕ 'ਕਾਵਿ ਮਹਿਕਾਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ ਇੱਛੂਪਾਲ ਦੁਆਰਾ ਰਚਿਤ ਕਵਿਤਾ 'ਦਸਤਕ' ਸਿਰਲੇਖ ਅਧੀਨ ਦਰਜ ਹੈ। ਇਸ ਕਵਿਤਾ ਵਿਚ ਕਸ਼ਮੀਰ ਦੇ ਸਹਿਮੇ ਅਤੇ ਸ਼ੰਕਾ ਭਰੇ ਮਹੌਲ ਦਾ ਚਿਤਰਣ ਕੀਤਾ ਗਿਆ ਹੈ।

**ਵਿਆਖਿਆ:** ਦਸਤਕ ਕਵਿਤਾ ਕਸ਼ਮੀਰ ਵਾਦੀ ਵਿਚ ਅਤੰਕੀ ਗਤੀਵਿਧੀਆਂ ਕਾਰਨ ਸੰਤਾਪ ਹੰਢਾ ਰਹੀ ਲੋਕਾਈ ਦਾ ਦ੍ਰਿਸ਼ ਪੇਸ਼ ਕਰਦੀ ਹੈ। ਦਹਿਸ਼ਤਗਰਦੀ ਦੇ ਵਾਤਾਵਰਣ ਨੇ ਕਸ਼ਮੀਰ ਦੇ ਮਹੌਲ ਨੂੰ ਸ਼ੱਕੀ ਅਤੇ ਗ਼ਮਗੀਨ ਕਰ ਦਿੱਤਾ ਹੈ। ਕਵਿਤਾ ਵਿਚਲਾ 'ਮੈਂ' ਪਾਤਰ ਆਪਣੇ ਹੀ ਘਰ ਦੀ ਦਹਿਲੀਜ਼ ਉੱਤੇ ਖੜ੍ਹਾ ਹੋ ਕੇ ਬੈਚੇਨੀ ਮਹਿਸੂਸ ਕਰ ਰਿਹਾ ਹੈ। ਉਸਦੇ ਬਾਰ-ਬਾਰ ਬੂਹਾ ਖੜਕਾਉਣ ਦੇ ਬਾਵਜੂਦ ਅੰਦਰੋਂ ਕੋਈ ਉੱਤਰ ਦਾ ਨਾ ਆਉਣਾ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਕਸ਼ਮੀਰ ਦੀ ਲੋਕਾਈ ਕਿਸ ਹੱਦ ਤੱਕ ਡਰੀ ਹੋਈ ਹੈ ਅਤੇ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੀ ਹੈ। ਜਦੋਂ ਬੂਹੇ ਖੜੇ ਮਨੁੱਖ ਦੀ ਸ਼ਨਾਖ਼ਤ ਕਰਨ ਅੰਦਰੋਂ ਉਸਦੀ ਸਹਿਮੀ ਹੋਈ ਮਾਂ ਦਹਿਲੀਜ਼ ਉੱਤੇ ਆਉਂਦੀ ਹੈ ਤਾਂ ਲੇਖਕ ਇਸ ਵਿਚ ਆਪਣੀ ਮਾਤਰ ਭੂਮੀ ਅਤੇ ਉਸਦੀ ਜੀਵਿਤ ਮਾਂ ਦੋਹਾਂ ਦਾ ਦਰਦ ਬਿਆਨ ਰਿਹਾ ਹੈ। ਮਾਂ ਨੂੰ ਡਰ ਹੈ ਕਿ ਕਿਤੇ ਕੋਈ ਅਣਪਛਾਤਾ ਹਥਿਆਰ ਲੈ ਕੇ ਘਰ ਅੰਦਰ ਨਾ ਆ ਵੜੇ। ਦਹਿਸ਼ਤਗਰਦੀ ਨੇ ਕਸ਼ਮੀਰੀ ਵਜੂਦ ਨੂੰ ਸ਼ੰਕਾ ਦੇ ਘੇਰੇ ਵਿਚ ਲਿਆ ਦਿੱਤਾ ਹੈ।

ਮੇਰੇ ਕੋਲ ਐਨਕ
ਜਿਸ ਨਾਲ ਸਭ ਨੰਗਾ ਦਿਸਦਾ
ਭੁੱਖਾ ਸੱਪ ਆਪਣੇ ਆਪ ਨੂੰ
ਦੁੰਮ ਵੱਲੋਂ ਖਾਣ ਲੱਗਿਆਂ
ਹੁਣ ਹੋਰ ਨਹੀਂ ਖਾ ਸਕਦਾ
ਅਜੇ ਵੀ ਭੁੱਖਾ ਹੈ ਉਹ

**ਪ੍ਰਸੰਗ:**

ਇਹ ਕਾਵਿ ਸਤਰਾਂ ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦਾ ਸੰਗ੍ਰਹਿ ਕਾਵਿ ਪੁਸਤਕ 'ਕਾਵਿ ਮਹਿਕਾਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ ਸਵਾਮੀ ਅੰਤਰਨੀਰਵ ਦੁਆਰਾ ਰਚਿਤ ਕਵਿਤਾ 'ਭਾਰਤਵਰਸ਼' ਸਿਰਲੇਖ ਅਧੀਨ ਦਰਜ ਹੈ।

**ਵਿਆਖਿਆ:**

ਸਵਾਮੀ ਅੰਤਰਨੀਰਵ ਕਵਿਤਾ ਭਾਰਤਵਰਸ਼ ਰਾਹੀਂ ਸਮਕਾਲੀ ਬੀਮਾਰ ਅਤੇ ਭੁੱਖੜ ਰਾਜਸੀ ਵਿਵਸਥਾ ਉੱਤੇ ਵਿਅੰਗ ਕੱਸਦਾ ਹੋਇਆ ਰਾਜਸੀ ਤੰਤਰ ਦੀ ਤੁਲਨਾ 'ਸੱਪ ਤੇ ਆਪਣੇ ਆਪ ਨੂੰ ਦੁੰਮ ਵੱਲੋਂ ਖਾਣ ਨਾਲ' ਕਰਦਾ ਹੈ। ਰਾਜਸੀ ਨੇਤਾ ਆਪਣੇ ਦੇਸ਼ ਨੂੰ ਆਪ ਹੀ ਖਾਣ ਵੱਲ ਤੁਰੇ ਹੋਏ ਹਨ। ਲੋਕਾਂ ਦਾ ਪੈਸਾ ਅਤੇ ਦੇਸ਼ ਦੀ ਸੰਪੱਤੀ ਨੂੰ ਆਪਣੀ ਲਾਲਸਾ ਦੀ ਭੇਂਟ ਚੜ੍ਹਾ ਕੇ ਵੀ ਨੇਤਾਵਾਂ ਦੀ ਭੁੱਖ ਸੰਤੁਸ਼ਟ ਨਹੀਂ ਹੁੰਦੀ।

ਤੂੰ ਮੱਛੀ ਵੀ ਨਹੀਂ ਬਣਨਾ ਮੇਰੀ **ਲੋਅ**
ਕਿ ਚਾਰੇ ਵਿਚ ਕਾਂਟੇ ਲਕੋ
ਘਾਤ ਲਗਾਕੇ ਬੈਠੇ ਨੇ **ਕਮਜ਼ਰਫ਼** ਮਛੇਰੇ
ਜੋ ਮੱਛੀਆਂ ਦੇ ਹਲਕ ਵਿਚ ਘੁੰਡੀਆਂ ਫਸਾ
ਮਨਾਉਂਦੇ ਨੇ ਜਸ਼ਨ ਆਪਣੀ **ਮੇਸਣੀ** ਚਤੁਰਾਈ ਦਾ
ਤੇਰੀ ਅਕਾਸ਼ ਵੱਲ ਉਡਦੀ ਨਿਗਾਹ ਤੋਂ ਲੈ ਕੇ
ਪਤਾਲ ਤੱਕ ਫੈਲੀ ਤੇਰੀ **ਅਸਚਰਜਤਾ**
ਕਰਦੀ ਰਹੇਗੀ ਮੈਨੂੰ **ਖ਼ੌਫ਼ਜ਼ਦਾ** ਹਰ ਪਲ-ਹਰ ਘੜੀ
ਇਸ ਲਈ ਮੇਰੀ ਜਾਨ
ਤੂੰ ਮੇਰੀ ਮੰਨ ਤੇ ਮੇਰੇ ਸਾਹਮਣੇ ਹੀ ਬਸ
ਜੁਗਨੂੰ ਫੜ ਫੜ ਝੋਲੀ 'ਚ ਭਰਦੀ ਜਾ

**ਪ੍ਰਸੰਗ:**

ਇਹ ਕਾਵਿ ਸਤਰਾਂ ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦਾ ਸੰਗ੍ਰਹਿ ਕਾਵਿ ਪੁਸਤਕ 'ਕਾਵਿ ਮਹਿਕਾਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ ਸੁਰਿੰਦਰ ਨੀਰ ਦੁਆਰਾ ਰਚਿਤ ਕਵਿਤਾ 'ਜੁਗਨੂੰ ਤੇ ਮੱਛੀਆਂ' ਸਿਰਲੇਖ ਅਧੀਨ ਦਰਜ ਹੈ।

**ਵਿਆਖਿਆ:**

ਇਸ ਕਵਿਤਾ ਵਿਚ ਕਵਿੱਤਰੀ ਨੇ ਇਕ ਸੰਵੇਦਨਸ਼ੀਲ ਮਾਂ ਅਤੇ ਇਕ ਮਾਸੂਮ ਬੱਚੀ ਦਾ ਦ੍ਰਿਸ਼ਟਾਂਤ ਉਲੀਕਿਆ ਹੈ। ਬੱਚੀ ਜੁਗਨੂੰਆਂ, ਬੱਦਲਾਂ ਅਤੇ ਮੱਛੀਆਂ ਸੰਗ ਖੇਡਣਾ ਅਤੇ ਉਨ੍ਹਾਂ ਵਰਗਾ ਬਣਨਾ ਚਾਹੁੰਦੀ ਹੈ। ਪਰ ਮਾਂ ਦਾ ਹਿਰਦੇ ਸਮਾਜਕ-ਯਥਾਰਥਕ ਪਰਿਪੇਖ ਨੂੰ ਧਿਆਨ ਵਿਚ ਰੱਖ ਕੇ ਡਰ ਜਾਂਦਾ ਹੈ। ਮਾਂ ਬੱਚੀ ਨੂੰ ਮਛੇਰਿਆਂ, ਕਲਾਬਾਜ਼ਾਂ ਤੋਂ ਬਚਾਉਣ ਬਾਰੇ ਸੋਚਣ ਲਗਦੀ ਹੈ। ਉਹ ਉਸਨੂੰ ਆਪਣੇ ਸਾਹਮਣੇ ਹੀ ਰੱਖਣਾ ਚਾਹੁੰਦੀ ਹੈ। ਇਹ ਭਾਰਤੀ ਸਮਾਜ ਵਿਚ ਔਰਤ ਦੀ ਸਮਾਜਕ ਦਸ਼ਾ ਦੀ ਨਿਸ਼ਾਨਦੇਹੀ ਕਰਦਾ ਹੈ।

ਦੈਂਤ ਅੱਜ ਵੀ ਹਨ
ਪਰ ਇਹ ਦੈਂਤ
ਉਹ ਦੈਂਤ ਨਹੀਂ
ਜਿਹੜੇ ਪਰੀਕਥਾਵਾਂ ਵਿਚੋਂ
ਝਾਕਦੇ ਨੇ
ਮਾਸੂਮ ਸੁਪਨਿਆਂ ਵਿਚ
ਜਿਹੜੇ ਜੰਗਲੀ **ਪਗਡੰਡੀਆਂ** ਵਿਚੋਂ
ਅਚਾਨਕ
ਪ੍ਰਗਟ ਹੋ ਜਾਂਦੇ ਨੇ
ਉੱਡਦੇ ਆਉਂਦੇ ਨੇ
**ਪਾਤਾਲ** ਵਿਚ ਗੁੰਮ ਹੋ ਜਾਂਦੇ ਨੇ
ਖ਼ੂਨੀ ਵਾਰਦਾਤਾਂ ਨੂੰ ਅੰਜਾਮ ਦੇ ਕੇ

.................................

ਇਹ ਦੈਂਤ

ਅੰਤਾਂ ਦੇ **ਮੁਹੱਜ਼ਬ**

ਮਖੌਟੇਧਾਰੀ ਹੁੰਦੇ ਨੇ

ਤੇ

ਸੁੱਟਦੇ ਨੇ ਚਾਰਾ

ਭੋਲੀਆਂ ਮੱਛੀਆਂ ਨੂੰ

ਮੌਕੇ-ਬੇਮੌਕੇ

ਮਾਸੂਮ ਪੰਛੀਆਂ ਨੂੰ

**ਭਰਮਜਾਲ** ਵਿਚ ਫਸਾਕੇ

**ਵਰਗਲਾਂਦੇ** ਤੇ ਲੁੱਟਦੇ ਨੇ

ਉਨ੍ਹਾਂ ਦੀਆਂ ਸੁੱਚੀਆਂ-ਸੁੱਚੀਆਂ ਸੋਚਾਂ

ਉਨ੍ਹਾਂ ਦੇ ਭੋਲੇ ਸੁਪਨੇ

ਤੇ ਮਾਨਵਤਾ 'ਚ ਉਨ੍ਹਾਂ ਦਾ ਭਰੋਸਾ ਵੀ

**ਪ੍ਰਸੰਗ:**

ਇਹ ਕਾਵਿ ਸਤਰਾਂ ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦਾ ਸੰਗ੍ਰਹਿ ਕਾਵਿ ਪੁਸਤਕ 'ਕਾਵਿ ਮਹਿਕਾਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ ਨਿਰਮਲ ਵਿਨੋਦ ਦੁਆਰਾ ਰਚਿਤ ਕਵਿਤਾ 'ਦੈਂਤ' ਸਿਰਲੇਖ ਅਧੀਨ ਦਰਜ ਹੈ।

**ਵਿਆਖਿਆ :**

ਕਵਿਤਾ ਵਿਚ ਕਵੀ ਅਜੋਕੇ ਦੌਰ ਦੇ ਮਨੁੱਖ ਰੂਪੀ ਦੈਂਤ ਦੀ ਗੱਲ ਕਰਦਾ ਹੈ। ਕਵੀ ਅਨੁਸਾਰ ਅੱਜਕਲ੍ਹ ਦੇ ਦੈਂਤ ਲੋਕ ਕਹਾਣੀਆਂ, ਪਰੀ ਕਥਾਵਾਂ ਵਰਗੇ ਨਹੀਂ ਹਨ ਜੋ ਅਚਾਨਕ ਜੰਗਲਾਂ ਵਿਚੋਂ ਨਿਕਲ ਕੇ, ਕਿਸੇ ਖ਼ੂਨੀ ਵਾਰਦਾਤ ਨੂੰ ਅੰਜਾਮ ਦੇ ਕੇ ਪਾਤਾਲ ਵਿਚ ਗੁੰਮ ਹੋ ਜਾਂਦੇ ਹਨ। ਇਹ ਤਾਂ

ਅਜੋਕੇ ਸਮੇਂ ਦੇ ਸਿਆਸਤਦਾਨ, ਧਰਮ ਦੇ ਠੇਕੇਦਾਰ, ਲੋਭੀ ਵਿਅਕਤੀ ਹਨ ਜੋ ਭੋਲੇ ਭਾਲੇ ਲੋਕਾਂ ਨੂੰ ਆਪਣੀਆਂ ਗੱਲਾਂ ਦੇ ਭਰਮਜਾਲ ਵਿਚ ਫਸਾ ਲੈਂਦੇ ਹਨ।ਧੋਖੇਬਾਜ਼ ਲੋਕਾਂ ਕਾਰਨ ਮਾਨਵਤਾ ਉੱਤੇ ਭਰੋਸਾ ਟੁੱਟ ਰਿਹਾ ਹੈ। ਇਹ ਲੋਕ ਕਹਾਣੀਆਂ ਦੇ ਦੈਂਤਾਂ ਨਾਲੋ ਵੱਧ ਖ਼ਤਰਨਾਕ ਹਨ।

ਜਦ ਸਵੇਰੇ ਤਾਜ਼ੀ ਹਵਾ ਦੇ ਸੰਗੀਤ ਨਾਲ
ਸੂਰਜ ਦੀ ਪਹਿਲੀ ਕਿਰਨ ਨੂੰ 'ਸਵਾਗਤ'
ਕਹਿਣ ਦਾ ਸਮਾਂ ਹੁੰਦਾ ਹੈ
ਮੈਨੂੰ ਵਿਹਲ ਨਹੀਂ ਹੁੰਦੀ,
ਮੈਨੂੰ ਦਫ਼ਤਰ ਲਈ ਜਲਦੀ ਤਿਆਰ ਹੋਣਾ ਹੁੰਦਾ ਹੈ।

...................................................

ਫੁੱਲਾਂ ਦੇ ਜੀਵਨ ਇਤਿਹਾਸਕ ਪਲ
ਉਸ ਨਾਲ ਸਾਂਝਾਂ ਨਹੀਂ ਕਰ ਸਕਦਾ,
ਫਿਰ ਵੀ ਉਮੀਦ ਕਰਦਾਂ ਫੁੱਲ ਮੇਰੇ ਜੀਵਨ ਵਿਚ ਖੁਸ਼ਬੂ ਭਰ ਦੇਣ

...............................................................

ਤਨ 'ਤੇ ਆ ਗਏ ਨੇ
ਜੋ ਮਹਿੰਗੇ ਮਹਿੰਗੇ ਕੱਪੜੇ
ਉਨ੍ਹਾਂ ਦੇ ਖ਼ਰਾਬ ਹੋਣ ਦਾ
ਡਰ ਬਣਿਆ ਰਹਿੰਦਾ ਹੈ ਬਾਰਿਸ਼ ਦੌਰਾਨ

**ਪ੍ਰਸੰਗ:**

ਇਹ ਕਾਵਿ ਸਤਰਾਂ ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦਾ ਸੰਗ੍ਰਹਿ ਕਾਵਿ ਪੁਸਤਕ 'ਕਾਵਿ ਮਹਿਕਾਂ' ਵਿਚੋਂ ਲਈਆਂ ਗਈਆਂ ਹਨ। ਇਸ ਪੁਸਤਕ ਵਿਚ ਇਹ ਕਾਵਿ ਟੁਕੜੀ ਡਾ. ਮੋਨੋਜੀਤ ਦੀ ਕਵਿਤਾ ਦੁਆਰਾ ਰਚਿਤ ਕਵਿਤਾ 'ਮੇਰੇ ਕੋਲ ਵਿਹਲ ਨਹੀਂ' ਸਿਰਲੇਖ ਅਧੀਨ ਦਰਜ ਹੈ।

**ਵਿਆਖਿਆ:**

ਕਵਿਤਾ ਜੀਵਨ ਦੇ ਰੁਝੇਵਿਆਂ ਕਾਰਨ ਮਨੁੱਖ ਦੇ ਕੁਦਰਤ ਨਾਲੋਂ ਦੂਰ ਹੋਣ ਦੀ ਅਵਸਥਾ ਨੂੰ ਪ੍ਰਗਟ ਕਰਦੀ ਹੈ। ਮਨੁੱਖ ਆਰਥਿਕਤਾ ਅਤੇ ਰੋਜ਼ੀ-ਰੋਟੀ ਦੇ ਮਸਲਿਆਂ ਵਿਚ ਉਲਝਿਆ ਹੋਇਆ ਸੂਰਜ ਦੀ ਪਹਿਲੀ ਕਿਰਨ ਦਾ ਸਵਾਗਤ ਨਹੀਂ ਕਰ ਸਕਦਾ। ਕਲੀ ਦੇ ਫੁੱਲ ਬਣਨ ਦੀ ਪ੍ਰਕਿਰਿਆ ਨੂੰ ਨਿਹਾਰਨ ਤੋਂ ਵਾਂਝਾ ਰਹਿ ਜਾਂਦਾ ਹੈ ਪਰ ਫੁੱਲ ਤੋਂ ਉਮੀਦ ਰੱਖਦਾ ਹੈ ਕਿ ਉਸਦੀ ਜ਼ਿੰਦਗੀ ਨੂੰ ਮਹਿਕਾ ਦੇਵੇ। ਸੱਭਿਅਕ ਜ਼ਿੰਦਗੀ ਦੀ ਚਾਰ ਦਿਵਾਰੀ ਅਤੇ ਮਹਿੰਗੇ ਕੱਪੜਿਆਂ ਦੀ ਕੈਦ ਨੇ ਉਸਨੂੰ ਬਾਰਿਸ਼ ਦੇ ਅਨੰਦ ਤੋਂ ਵਾਂਝਾ ਕਰ ਦਿੱਤਾ ਹੈ। ਮਨੁੱਖ ਇਕ ਬਨਾਉਟੀ ਜ਼ਿੰਦਗੀ ਦਾ ਗ਼ੁਲਾਮ ਬਣਦਾ ਜਾ ਰਿਹਾ ਹੈ।

## 3.3.2 ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦੇ ਸੰਗ੍ਰਿਹ 'ਕਾਵਿ ਮਹਿਕਾਂ' ਦੇ ਵਿਸ਼ੇ ਅਤੇ ਉਦੇਸ਼

**ਕਸ਼ਮੀਰ ਸੰਕਟ:**

ਜੰਮੂ ਕਸ਼ਮੀਰ ਦਾ ਕੋਈ ਵੀ ਕਵੀ ਜਿੰਨਾ ਵਾਦੀ ਦੀ ਖ਼ੂਬਸੂਰਤੀ ਬਾਰੇ ਜਾਣਦਾ ਹੈ ਉਨਾਂ ਹੀ ਵਾਦੀ ਦੇ ਹਾਲਾਤਾਂ ਪ੍ਰਤੀ ਚਿੰਤਤ ਵੀ ਹੈ। ਇਹੀ ਚਿੰਤਾ ਕਾਵਿ ਪੋਥੀ ਵਿਚਲੇ ਕਵੀਆਂ ਦੀ ਲੇਖਣੀ ਤੋਂ ਵੀ ਜ਼ਾਹਿਰ ਹੋ ਰਹੀ ਹੈ। ਉਜਾਗਰ ਸਿੰਘ ਦੀ ਕਵਿਤਾ 'ਜੰਗਲ', ਜੋਗਿੰਦਰ ਸਿੰਘ ਪਾਂਧੀ ਦੀ ਕਵਿਤਾ 'ਤੀਲਾ ਤੀਲਾ ਆਲ੍ਹਣਾ', ਕੀਰਤ ਸਿੰਘ ਇਨਕਲਾਬੀ ਦੀ ਕਵਿਤਾ 'ਮੋੜ ਲਿਆਈਏ ਸਰਹੱਦਾਂ ਤੋਂ', ਅਜੀਤ ਸਿੰਘ ਮਸਤਾਨਾ ਦਾ ਗੀਤ 'ਮਾਏ ਨੀ ਮਾਏ',ਇੱਛੂਪਾਲ ਦੀ ਕਵਿਤਾ 'ਦਸਤਕ' ਅਤੇ ਮੋਨੋਜੀਤ ਦੀ ਕਵਿਤਾ 'ਪਿਆਰ: ਵਗ ਉਠੇਗੀ ਮਾਂ ਦੀ ਅੱਖ' ਵਿਚ ਕਸ਼ਮੀਰ ਦੇ ਸੰਕਟ ਨੂੰ ਬਹੁਤ ਹੀ ਮਰਮਮਈ ਅਤੇ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਉਜਾਗਰ ਸਿੰਘ ਮਹਿਕ ਦੁਆਰਾ ਰਚਿਤ 'ਜੰਗਲ' ਕਵਿਤਾ ਵਿਚ ਕਵੀ ਕਵਿਤਾ ਨੂੰ ਦੋ ਭਾਗਾਂ ਵਿਚ ਵੰਡ ਕੇ ਆਪਣੀ ਗੱਲ ਰੱਖਦਾ ਹੈ। ਪਹਿਲੇ ਭਾਗ ਵਿਚ ਕਸ਼ਮੀਰ ਵਿਚ ਫੈਲੀ ਦਹਿਸ਼ਤਗਰਦੀ ਕਾਰਨ ਸਹਿਮੇ ਹੋਏ ਮਾਹੌਲ ਅਤੇ ਸੁੰਨਸਾਨ ਜੀਵਨ ਨੂੰ ਚਿਤਰਿਤ ਕਰਦਾ ਹੈ। ਪਰ ਦੂਜੇ ਭਾਗ ਵਿਚ ਇਸ ਸਹਿਮੀ ਹੋਈ ਜ਼ਿੰਦਗੀ ਵਿਚ ਵੀ ਉਹ ਸਭ ਕੁਝ ਠੀਕ ਹੋ ਜਾਣ ਦੀ ਉਮੀਦ ਵੀ ਰੱਖਦਾ ਹੈ।

ਮੈਂ ਜੰਗਲ! ਮੁੜ ਜੋਬਨ ਰੁੱਤੇ
ਪੀੜਾਂ ਦੀ ਇਸ ਸੂਲੀ ਉੱਤੇ ਫੇਰ ਕਦੇ ਨਾ ਟੰਗਿਆਂ ਜਾਵਾਂ
ਨਾਲ ਲਹੂ ਨਾ ਰੰਗਿਆ ਜਾਵਾਂ
ਮੌਤ ਨਾ ਜੰਮੇ ਧਰਤੀ ਮੇਰੀ
ਮੁੜ ਪਰਲੋ ਨਾ ਪਾਏ ਫੇਰੀ

ਇਸੇ ਤਰ੍ਹਾਂ ਕਵਿਤਾ 'ਤੀਲਾ ਤੀਲਾ ਆਲ੍ਹਣਾ' ਵਿਚ ਜੋਗਿੰਦਰ ਸਿੰਘ ਪਾਂਧੀ ਕਸ਼ਮੀਰ ਦੀ ਮਾਤਮ ਭਰੀ ਸਥਿਤੀ ਅਤੇ ਇਸ ਧਰਤ ਨੂੰ ਆਲ੍ਹਣੇ ਦੇ ਬਿਖਰਨ ਅਰਥਾਤ ਤੀਲਾ-ਤੀਲਾ ਹੋ ਜਾਣ ਨਾਲ ਤੁਲਨਾਉਂਦਾ ਹੋਇਆ ਸਵਾਰਥੀ ਲੋਕਾਂ ਨੂੰ ਇਸਦਾ ਜ਼ਿੰਮੇਵਾਰ ਠਹਿਰਾਉਂਦਾ ਹੈ।

ਪਤਝੜ ਦਾ ਜ਼ੋਰ ਹੈ/ਗੋਲੀਆਂ ਦੀ **ਵਾਛੜ** ਵਿਚ
ਰੁੱਖ ਦੀ ਹਰਿਆਵਲ ਦਾ/ਰੰਗ ਕੁਝ ਹੋਰ ਹੈ।
ਅੰਗ ਅੰਗ ਉਸਦਾ/ **ਝੁਲਸ** ਰਿਹੈ
ਪੱਤਾ ਪੱਤਾ ਸੇਕ 'ਚ /**ਮੁਰਝਾ** ਰਿਹੈ-
ਅੱਗ ਦੇ ਵਣਜਾਰੇ/ਬੇਮੌਸਮੀ ਨਾਅਰੇ
ਪੰਛੀ ਦਾ ਦਰਦ ਕੀ ਜਾਣਨ/ਪੰਛੀ;
ਜਿਸਦਾ ਘਰ/**ਤੀਲਾ ਤੀਲਾ** ਹੋ ਕੇ
ਹਵਾ 'ਚ ਬਿਖਰ ਰਿਹੈ।

ਇਸੇ ਤਰ੍ਹਾਂ ਇੱਛੂਪਾਲ ਦੀ ਕਵਿਤਾ 'ਕਥਾਵਾਂ' ਦਾ ਥੀਮ ਵੀ ਕਸ਼ਮੀਰ ਵਾਦੀ ਵਿਚ ਫੈਲਾਈ ਜਾ ਰਹੀ ਅਰਾਜਕਤਾ ਦੁਆਲੇ ਘੁੰਮਦਾ ਹੈ।ਕਵੀ ਦੇ ਅਨੁਸਾਰ ਕਸ਼ਮੀਰੀ ਜਨਤਾ ਦੋ ਪੁੜਾਂ ਵਿਚ ਪਿਸ ਰਹੀ ਹੈ ਇਕ ਪਾਸੇ ਸੰਪਰਦਾਇਕ ਤਾਕਤਾਂ ਅਤੇ ਦੂਜੇ ਪਾਸੇ ਸੱਤਾਧਾਰੀ ਧਿਰ ਦਾ ਭ੍ਰਿਸ਼ਟਾਚਾਰ ਅਤੇ ਸੌੜੇ ਰਾਜਨੀਤਿਕ ਹਿੱਤ। ਕਵੀ ਨੇ ਅਜਿਹੀਆਂ ਤਾਕਤਾਂ ਨੂੰ ਜੋ ਕਸ਼ਮੀਰੀ ਜਨਤਾ ਦਾ ਖ਼ੂਨ ਨਿਚੋੜ ਰਹੀਆਂ ਹਨ, ਨੂੰ ਲੁਕੀਆਂ 'ਕਥਾਵਾਂ' ਦਾ ਨਾਮ ਦਿੱਤਾ ਹੈ ਜੋ ਭੇਸ ਬਦਲ ਬਦਲ ਕੇ ਕਸ਼ਮੀਰ ਵਾਦੀ ਵਿਚ ਦਹਿਸ਼ਤਗਰਦੀ ਦੀਆਂ ਘਟਨਾਵਾਂ ਨੂੰ ਅੰਜਾਮ ਦੇ ਰਹੀਆਂ ਹਨ।

ਪਿਆਰ :

**'ਵਗ ਉਠੇਗੀ ਮਾਂ ਦੀ ਅੱਖ'** ਕਵਿਤਾ ਵਿਚ ਮੋਨੋਜੀਤ ਨੇ ਕਸ਼ਮੀਰ-ਵਾਦੀ ਵਿਚ ਫੈਲੇ ਆਤੰਕਵਾਦ ਦੇ ਪ੍ਰਭਾਵ ਨੂੰ ਗਹਿਰੇ ਭਾਵਾਂ ਵਿਚ ਚਿੱਤਰਿਆ ਹੈ। ਸ਼ਹਿਜ਼ਾਦਿਆਂ ਵਰਗਾ ਇੱਕ ਯੁਵਕ ਇਸ ਆਂਤਕ ਦੀ ਮਾਰੂ ਹਨੇਰੀ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਆਪਣਾ ਜੀਵਨ ਗਵਾ ਬੈਠਦਾ ਹੈ। ਯੁਵਕ ਨਾਲ ਵਾਪਰੀ ਇਸ ਘਟਨਾ ਦਾ ਦ੍ਰਿਸ਼ ਚਿੱਤਰ ਖਿੱਚਦੇ ਕਵੀ ਲਿਖਦਾ ਹੈ ਕਿ ਉਸ ਦੀ ਖ਼ੂਨ ਨਾਲ ਲੱਥਪੱਥ ਦੀ ਲਾਸ਼ ਕਿਸੇ ਦੂਰ ਗੁੰਮਨਾਮ ਫਟੀਚਰ ਹਸਪਤਾਲ ਦੇ ਫਟੀਚਰ ਕਮਰੇ ਦੇ ਉੱਖੜੇ ਹੋਏ ਫਰਸ਼ ਉੱਤੇ ਪਈ ਫੁੱਲ ਰਹੀ ਹੈ। ਇਸ ਨੌਜਵਾਨ ਦੀ ਮੌਤ ਨਾਲ ਕਿਸੇ ਨੂੰ ਕੋਈ ਫ਼ਰਕ ਨਹੀਂ ਪਵੇਗਾ ਜੇ ਅਸਲ ਫ਼ਰਕ ਪਵੇਗਾ ਤਾਂ ਕੇਵਲ ਉਸਦੀ ਮਾਂ ਨੂੰ ਪਵੇਗਾ ਜੋ ਇਹ ਖਬਰ ਸੁਣ ਕੇ ਹੰਝੂਆਂ ਦੀ ਹੜ ਨੂੰ ਰੋਕ ਨਹੀਂ ਪਾਵੇਗੀ।

ਕਮਰੇ ਅੰਦਰ,
ਮੌਜੂਦ ਚਿਹਰਿਆਂ ਤੇ
ਮਿਲੇ-ਜੁਲੇ ਭਾਵ ਸਨ
ਅਤੰਕ, ਅਸਚਰਜ, ਘਿਰਣਾ, ਖੁਸ਼ੀ
ਜਿੱਤ ਤੇ ਹਾਰ ਦੇ।
ਸੱਚ ਹੈ ਉਹਨੂੰ ਉਹੀ ਮਿਲਿਆ
ਜੋ ਉਹ ਵੰਡ ਰਿਹਾ ਸੀ ਤੇ
ਬੇਸ਼ਕ ਕਿਸੇ ਵੀ ਅੱਖ ਵਿਚ
ਉਹਦੇ ਲਈ ਇਕ ਵੀ ਹੰਝੂ ਨਹੀਂ ਦਿਸਦਾ
ਪਰ ਕਿਧਰੇ ਤੇ
ਇੱਕ ਅੱਖ ਅਜਿਹੀ ਹੋਏਗੀ
ਜੋ ਜਦੋਂ ਇਹ ਸਭ ਸੁਣੇਗੀ
ਹੰਝੂਆਂ ਦੀਆਂ ਨਦੀਆਂ ਵਗ ਪੈਣਗੀਆਂ!
ਉਂਝ ਭਾਵੇਂ ਕਾਰਨ ਕੁਝ ਵੀ ਹੋਵੇ

ਅਲਗ ਅਲਗ ਖ਼ੇਮੇ ਕੁਝ ਵੀ ਕਹਿਣ
ਸ਼ਹਿਜ਼ਾਦਿਆਂ ਜਿਹੇ ਯੁਵਕਾਂ ਦਾ ਇਹ ਅੰਤ
ਚੰਗਾ ਨਹੀਂ ਲੱਗਦਾ

## ਰਾਜਨੀਤਿਕ ਅਨੈਤਿਕਤਾ ਅਤੇ ਭ੍ਰਿਸ਼ਟਾਚਾਰ

ਕਵਿਤਾ ਸਮਾਜ ਅਤੇ ਇਸਦੇ ਸ਼ਾਸਨ ਤੰਤਰ ਦੀ ਅਧੋਗਤੀ ਨੂੰ ਵਿਅੰਗਮਈ ਢੰਗ ਨਾਲ ਉਜਾਗਰ ਕਰਨ ਦਾ ਸਭ ਤੋਂ ਉੱਤਮ ਹਥਿਆਰ ਰਹੀ ਹੈ। ਇਸ ਕਾਵਿ ਪੋਥੀ ਵਿਚ ਰਾਜਨੀਤਿਕ ਅਨੈਤਿਕਤਾ ਅਤੇ ਭ੍ਰਿਸ਼ਟਾਚਾਰ ਨਾਲ ਸੰਬੰਧਤ ਵਿਅੰਗ, ਵਿਚਾਰ, ਚਿੰਤਾਵਾਂ ਕਈ ਕਵੀਆਂ ਵੱਲੋਂ ਸਿਰਜੀਆਂ ਗਈਆਂ ਹਨ।ਅਮਰ ਸਿੰਘ ਕੂਕਾ ਦੀ 'ਗ਼ਜ਼ਲ', ਅਜੀਤ ਸਿੰਘ ਮਸਤਾਨਾ ਦੀ 'ਚੋਣ ਮੈਨੀਫੈਸਟੋ', ਇੱਛੂਪਾਲ ਦੀ 'ਪਾਏਦਾਨ', ਵਿਸ਼ਵਨਾਗਰਿਕ ਦੀ 'ਮੈ ਅਜ਼ਾਦ ਹਾਂ', ਸੁਆਮੀ ਨੀਰਵ ਦੀਆਂ ਕਵਿਤਾਵਾਂ ਅਤੇ ਕਈ ਹੋਰਨਾਂ ਵਿਚ ਵੀ ਇਨ੍ਹਾਂ ਵਿਸ਼ਿਆਂ ਨੂੰ ਬਾਖ਼ੂਬੀ ਨਿਭਾਇਆ ਗਿਆ ਹੈ। **ਅਮਰ ਸਿੰਘ ਕੂਕਾ** ਸਮਕਾਲੀਨ ਸਮੇਂ ਵਿਚ ਭ੍ਰਿਸ਼ਟਾਚਾਰ ਦੀ ਵਿਕਰਾਲ ਹੁੰਦੀ ਸਮੱਸਿਆ ਨੂੰ ਸੰਬੋਧਨ ਕਰਦੇ ਹੋਏ ਆਮ ਨਾਗਰਿਕਾਂ ਦੀ ਹਾਕਮਾਂ ਦੁਆਰਾ ਹੋ ਰਹੀ ਲੁੱਟ-ਖਸੁੱਟ ਪ੍ਰਤੀ ਫ਼ਿਕਰਮੰਦ ਨਜ਼ਰ ਆਉਂਦਾ ਹੈ।ਲੋਕ ਅਧਿਕਾਰਾਂ ਦੇ ਰੱਖਿਆ ਕਰਨ ਵਾਲੇ ਆਪ ਹੀ ਭ੍ਰਿਸ਼ਟ ਹਨ।ਅਧਿਕਾਰਾਂ ਨੂੰ ਖੋਹ ਰਹੇ ਹਨ। ਰੱਕਸ਼ਕ ਹੀ ਭਕਸ਼ੱਕ ਬਣ ਚੁੱਕੇ ਨੇ। ਗ਼ਜ਼ਲਕਾਰ ਅਮਰ ਸਿੰਘ ਕੂਕਾ ਅਹੁਦਿਆਂ ਉੱਤੇ ਬਿਰਾਜਮਾਨ ਲੋਕਾਂ ਉੱਤੇ ਵਿਅੰਗ ਕੱਸਦੇ ਹੋਏ ਉਨ੍ਹਾਂ ਨੂੰ ਜੇਬ-ਤਰਾਸ਼ ਕਹਿੰਦਾ ਹੈ ;

ਠੱਗਾਂ ਦੇ ਚੁੰਗਲ ਵਿਚ ਫਸਿਆ ਮੁਮਕਿਨ ਹੈ ਬਚ ਜਾਵੇ ਬੰਦਾ,
ਮੁਨਸਫ਼ ਦੇ ਦਰਬਾਰੋਂ ਐਪਰ ਸੁੱਕਾ ਆ ਕੇ ਦੱਸੇ ਕੋਈ।
ਜੇਬ-ਤਰਾਸ਼ਾਂ ਦੇ ਪੰਜੇ ਵਿਚ ਅੱਜ ਫਸੀ ਵਿਵਸਥਾ ਸਾਰੀ,
ਲੱਖ ਜਤਨ ਕਰਕੇ ਵੀ ਆਪਣੀ ਜੇਬ ਬਚਾ ਕੇ ਦੱਸੇ ਕੋਈ।
ਜੰਗਲ ਦੀ ਅੱਗ ਕੋਸ਼ਿਸ ਕਰਕੇ ਕਾਬੂ ਕੀਤੀ ਜਾ ਸਕਦੀ,
ਤ੍ਰਿਸ਼ਨਾ ਅਗਨ ਮਰਨ ਤੋਂ ਪਹਿਲਾਂ ਜ਼ਰਾ ਬੁਝਾ ਕੇ ਦੱਸੇ ਕੋਈ।

ਇਸੇ ਤਰ੍ਹਾਂ ਇੱਛੂਪਾਲ ਦੀ ਕਵਿਤਾ ਸਰਕਾਰੀ ਅਦਾਰਿਆਂ ਵਿਚ ਵੱਡੇ ਅਹੁਦਿਆਂ ਉੱਤੇ

ਬਿਰਾਜਮਾਨ ਅਫ਼ਸਰਾਂ ਦੀ ਅਨੈਤਿਕਤਾ ਅਤੇ ਉਨ੍ਹਾਂ ਤੋਂ ਹੇਠਲੇ ਕਰਮਚਾਰੀਆਂ ਦੇ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਬਾਰੇ ਦੱਸਦੀ ਹੈ।

ਮੈਂ ਪਾਏਦਾਨ ਬਣਿਆ
ਝੱਲਦਾ ਰਿਹਾ ਭਾਰ
ਉਨ੍ਹਾਂ ਵਡੇਰਿਆਂ ਦਾ
ਬੂਟਾਂ ਦੀਆਂ ਠੋਕਰਾਂ!
.......................
ਰੱਖਿਆ ਹੈ ਰਾਜ਼ ਹੀ
ਉਨ੍ਹਾਂ ਭੇਤਾਂ ਨੂੰ
ਜਿਹੜੇ ਲਿਆ ਸਕਦੇ ਸਨ ਤੂਫ਼ਾਨ
ਉਨ੍ਹਾਂ ਦੀ ਜ਼ਿੰਦਗੀ ਦੇ ਸ਼ਾਂਤ ਸਾਗਰ ਵਿਚ
ਮੈਂ ਉਨ੍ਹਾਂ ਦੀ ਜ਼ਿੰਦਗੀ ਦੀ ਕਿਤਾਬ ਦਾ
ਇਕ **ਗੂੜ** ਪਾਠਕ ਰਿਹਾ ਹਾਂ
ਤੇ ਇਕ-ਇਕ ਪੰਨੇ 'ਤੇ ਲਿਖੇ ਹੋਏ :
ਲੁਕ-ਛੁਪ ਕੀਤੇ ਸਮਝੌਤਿਆਂ,
**ਸੁਆਰਥ** ਖਾਤਰ ਕੀਤੀਆਂ ਚਾਪਲੂਸੀਆਂ
ਤੇ ਗ਼ੈਰਾਂ ਨਾਲ ਪਾਈਆਂ ਸਾਂਝਾਂ ਦਾ ਭਾਰ ਹੀ ਨਹੀਂ
ਸਗੋਂ **ਪ੍ਰਤਿਕਿਰਮ** ਵਜੋਂ
ਆਪਣੇ ਅੰਦਰ ਹੋਈ ਟੁੱਟ-ਭੱਜ ਦਾ
ਦਰਦ ਵੀ ਸਹਾਰਿਆ ਹੈ।

**ਅਸਫਲ ਲੋਕਤੰਤਰ :**

'ਮੈਂ ਅਜ਼ਾਦ ਹਾਂ' ਕਵਿਤਾ ਅਸਿੱਧੇ ਢੰਗ ਨਾਲ ਲੋਕਤੰਤਰ ਵਿਚ ਵੋਟ ਦੀ ਕੀਮਤ ਅਤੇ ਸਿੱਧੇ ਢੰਗ ਨਾਲ ਗ਼ਰੀਬਾਂ, ਅਨਪੜ੍ਹ ਲੋਕਾਂ, ਤੇ ਕਈ ਪ੍ਰਕਾਰ ਦੀਆਂ ਅਲਾਮਤਾਂ ਤੋਂ ਸਤਾਏ ਲੋਕਾਂ ਉੱਤੇ

ਕਾਬਜ਼ ਹੋਣ ਵਾਲੇ ਭ੍ਰਿਸ਼ਟ ਨੇਤਾਵਾਂ ਪ੍ਰਤੀ ਅਸੰਤੋਸ਼ ਜਤਾਂਉਦੇ ਹੋਏ ਲੋਕਤੰਤਰੀ ਵੋਟ ਪ੍ਰਣਾਲੀ ਉੱਤੇ ਵਿਅੰਗ ਕੱਸਦੀ ਹੈ। ਜਿਸਨੂੰ ਲੋਕਰਾਜ ਦਾ ਨਾਮ ਦਿੱਤਾ ਜਾਂਦਾ ਹੈ ਉਹ ਅਸਲ ਵਿਚ ਲੋਕਾਂ ਦੀ ਗ਼ੁਲਾਮੀ ਦਾ ਸਬਬ ਬਣ ਰਿਹਾ ਹੈ।

ਮੈਂ ਅਜ਼ਾਦ ਹਾਂ,
ਲੋਕ ਰਾਜ ਮੇਰੇ ਦੇਸ਼ 'ਚ
ਮੇਰਾ ਵੋਟ,
ਮੇਰੇ ਦੇਸ਼ ਦੀ ਕਿਸਮਤ ਲਿਖਦਾ।
.........................
ਮੇਰੇ ਵੋਟ ਦੇ ਇਨਸਾਫ਼ ਹੇਠਾਂ,
ਮੇਰੇ ਦੇਸ਼ ਵਾਸੀਆਂ ਤੇ ਉਨਤਾਲੀ ਹਮਲੇ।
ਹਰ ਹਮਲਾ,
ਅਮੀਰ ਨੂੰ ਅਮੀਰ,
ਗ਼ਰੀਬ ਨੂੰ ਹੋਰ ਗ਼ਰੀਬ ਕਰਦਾ ਗਿਆ

ਇਸੇ ਤਰ੍ਹਾਂ ਕਵਿਤਾ 'ਚੋਣ ਮੈਨੀਫ਼ੈਸਟੋ' ਵੀ ਲੋਕਤੰਤਰੀ ਪ੍ਰਣਾਲੀ ਦੀ ਅਸਫਲਤਾ ਅਤੇ ਇਸ ਉੱਤੇ ਪ੍ਰਸ਼ਨ ਚਿਨ੍ਹ ਲਗਾਉਂਦੀ ਹੈ। ਚੋਣ ਮੈਨੀਫ਼ੈਸਟੋ ਉਹ ਚੋਣ ਮਨੋਰਥ ਪੱਤਰ ਹੁੰਦਾ ਹੈ ਜਿਸ ਵਿੱਚ ਵੱਖ-ਵੱਖ ਰਾਜਨੀਤਿਕ ਦਲ ਸੱਤਾ ਵਿਚ ਆਉਣ ਲਈ ਵੋਟਰਾਂ ਨੂੰ ਅਨੇਕ ਪ੍ਰਕਾਰ ਦੀਆਂ ਸਹੂਲਤਾਂ ਦੇਣ ਦਾ ਵਾਅਦਾ ਕਰਦੇ ਹਨ। ਅਜੀਤ ਸਿੰਘ ਮਸਤਾਨਾ ਆਪਣੀ ਕਵਿਤਾ 'ਚੋਣ ਮੈਨੀਫ਼ੈਸਟੋ' ਦੇ ਸਿਆਸਤਦਾਨਾਂ ਦੁਆਰਾ ਬਣਾਏ ਗਏ ਅਜਿਹੇ ਚੋਣ ਪੱਤਰਾਂ ਨੂੰ 'ਉਦਯੋਗ ਦੀ ਯੋਜਨਾ ਰਿਪੋਰਟ' ਦਾ ਨਾਮ ਦਿੰਦਾ ਹੈ। ਨੀਤੀਆਂ ਸਰਮਾਏਦਾਰਾਂ ਦੇ ਹਿਤਾਂ ਦਾ ਧਿਆਨ ਰੱਖ ਕੇ ਬਣਾਈਆਂ ਜਾਂਦੀਆਂ ਹਨ ਅਤੇ ਗ਼ਰੀਬ ਇਸ ਭੁਲੇਵੇ ਵਿਚ ਰਹਿੰਦਾ ਹੈ ਕਿ ਸਰਕਾਰ ਇਨ੍ਹਾਂ ਨੀਤੀਆਂ ਨਾਲ, ਇਸ ਚੋਣ ਮੈਨੀਫ਼ੈਸਟੋ ਨਾਲ ਜਨਤਾ ਦਾ ਅਤੇ ਗ਼ਰੀਬ ਦਾ ਭਲਾ ਕਰੇਗੀ। ਕਵੀ ਦੇ ਅਨੁਸਾਰ ਚੋਣ ਮੈਨੀਫ਼ੈਸਟੋ ਜਨਤਾ ਨੂੰ ਮੂਰਖ ਬਣਾ ਕੇ ਲਾਭ ਕਿਸੇ ਹੋਰ ਦੀ ਜੇਬ ਵਿਚ ਪਾਉਣ ਦਾ ਹਥਿਆਰ ਹਨ ਅਤੇ ਲੋਕਰਾਜ ਉੱਤੇ ਇੱਕ ਪ੍ਰਸ਼ਨ ਚਿੰਨ੍ਹ ਹੈ।

ਚੋਣ **ਮੈਨੀਫ਼ੈਸਟੋ**

ਨਾਂ

ਉਸ ਉਦਯੋਗ ਦੀ

ਯੋਜਨਾ ਰਿਪੋਰਟ ਦਾ

ਜਿਸ ਦਾ ਕੱਚਾ ਮਾਲ

ਕਾ.ਗਜ਼ ਦੀਆਂ ਉਹ ਪਰਚੀਆਂ ਹਨ

ਜਿਨ੍ਹਾਂ 'ਤੇ ਮੇਰੇ ਘਰ ਦੇ ਹਰ ਜੀ ਤੋਂ

ਠੱਪਾ ਲਗਵਾਇਆ ਜਾਂਦਾ ਹੈ

ਪਰ ਮੇਰੇ ਲਈ ਇਸ ਉਦਯੋਗ ਦਾ ਉਤਪਾਦਨ

ਉਸ ਪ੍ਰਦਰਸ਼ਨੀ ਵਿਚ

ਸਜਾ ਕੇ ਰੱਖੇ ਮਾਲ ਵਾਂਗੂ ਹੈ

ਜਿਸ ਲਈ ਹਰ ਰੋਜ਼ ਰੇਡਿਉ, ਟੀ.ਵੀ ਤੇ ਅਖ਼ਬਾਰ ਰਾਹੀਂ

**ਢੰਡੋਰਾ** ਪਿੱਟਿਆ ਜਾਂਦਾ ਹੈ।

ਜੋ ਮੇਰੇ ਸਾਹਮਣੇ ਵੇਚਿਆ ਜਾਂਦਾ ਹੈ

ਖ਼ਰੀਦਿਆ ਜਾਂਦਾ ਹੈ

ਤੇ ਮੈਂ ਉਸ ਗ਼ਰੀਬ ਬੱਚੇ ਵਾਂਗ

ਖੜੋਤਾ ਦੇਖਦਾ ਰਹਿ ਜਾਂਦਾ ਹਾਂ

ਜੋ ਚੋਰੀ ਛੁਪੇ ਪ੍ਰਦਰਸ਼ਨੀ ਵੇਖਣ

ਦਾਖ਼ਲ ਤਾਂ ਹੋ ਜਾਂਦਾ ਹੈ

ਪਰ ਮਾਲ ਖ਼ਰੀਦ ਨਹੀਂ ਸਕਦਾ।

**ਹਾਸ਼ੀਆਗਤ ਲੋਕ:**

ਕੀਰਤ ਸਿੰਘ ਇਨਕਲਾਬੀ ਦੀ ਕਵਿਤਾ 'ਹਰੀਜਨ' ਅਤੇ ਦਵਿੰਦਰ ਸਿੰਘ ਵਿਸ਼ਵਨਾਗਰਿਕ

ਦੀ ਕਵਿਤਾ 'ਫ਼ੁੱਟਪਾਥ' ਹਾਸ਼ੀਆਗਤ ਲੋਕਾਂ ਦੀ ਕਹਾਣੀ ਨੂੰ ਬਿਆਨ ਕਰਦੇ ਹਨ। ਕੀਰਤ ਸਿੰਘ ਦੀ ਕਵਿਤਾ ਵਿਚ ਇਕ ਹਰੀਜਨ ਇਸਤਰੀ ਪ੍ਰਤੀ ਆਮ ਲੋਕਾਂ ਦਾ ਪੂਰਵਧਾਰਣਾ ਪ੍ਰਭਾਵਿਤ ਦ੍ਰਿਸ਼ਟੀਕੋਣ ਪ੍ਰਾਪਤ ਹੁੰਦਾ ਹੈ। ਕਵਿਤਾ ਹਰੀਜਨ ਸ਼ਬਦ ਦੀ ਪ੍ਰਕਿਰਤੀ ਦੇ ਦਾਰਸ਼ਨਿਕ ਵਿਚਾਰ ਨੂੰ ਸਮਝਣ ਉੱਤੇ ਬਲ ਦਿੰਦੀ ਹੈ ਅਤੇ ਭਾਰਤੀ ਸਮਾਜ ਵਿਚ ਦਮਿਤ ਵਰਗ ਦੀ ਔਰਤ ਸਥਿਤੀ ਅਤੇ ਸਮਾਜਿਕ ਯਥਾਰਥ ਦਾ ਬੋਧ ਵੀ ਕਰਵਾਉਂਦੀ ਹੈ।

ਜਨ
ਜਨ
ਧੰਨ
ਹਰੀਜਨ
ਤੜਕਸਾਰ ਟਾਊਨ ਏਰੀਆ ਦਾ ਡਸਟ ਬਿੰਨ ਲਈ
ਕੂੜਾ ਕਰਕਟ ਇੱਕਠਾ ਕਰਦੀ
ਸੁਬਹ ਸਵੇਰੇ ਇੱਕ ਝੂੜੀ ਊਂਘਦੀ
ਕੂੜੇ ਨੂੰ ਸੁੰਘਦੀ
ਜਾਪਦੀ ਚੌਦਵੀਂ ਦਾ ਚੰਨ
ਵਿਚਾਰੀ ਹਰੀਜਨ

ਇਸੇ ਤਰ੍ਹਾਂ ਦਵਿੰਦਰ ਸਿੰਘ ਵਿਸ਼ਵਨਾਗਰਿਕ ਆਪਣੀ ਕਵਿਤਾ ਰਾਹੀਂ ਫ਼ੁੱਟਪਾਥ ਉਤੇ ਗ਼ੁਰਬਤ ਹੰਢਾ ਰਹੇ ਮਨੁੱਖਾਂ ਪ੍ਰਤੀ ਸੰਵੇਦਨਾਂ ਪ੍ਰਗਟ ਕਰਦਾ ਹੈ। ਕਵਿਤਾ ਵਿਚ ਅਜਿਹੇ ਵਰਗ ਦਾ ਚਿੱਤਰ ਉਲੀਕਆ ਗਿਆ ਹੈ ਜੋ ਜੀਵਨ ਦੀਆਂ ਮੁੱਢਲੀਆਂ ਲੋੜਾਂ ਤੋਂ ਵਾਂਝਾ ਹੈ। ਕਵੀ ਨੂੰ ਆਪਣੇ ਦੇਸ਼ ਦੀ ਅਜਿਹੀ ਸਥਿਤੀ ਲਈ ਸਿਰ ਝੁਕਾਉਣਾ ਪੈ ਰਿਹਾ ਹੈ। ਇਸ ਗ਼ੁਰਬਤ ਅਤੇ ਮੰਦਹਾਲੀ ਵਿਚ ਜੰਮੇ ਨੂੰ ਬਚਪਨ ਅਤੇ ਜਵਾਨੀ ਦਾ ਪਤਾ ਹੀ ਨਹੀਂ ਲੱਗਦਾ ਤੇ ਬੁਢਾਪਾ ਉਸਦੀ ਦਹਿਲੀਜ਼ ਉੱਤੇ ਆ ਕੇ ਖੜੋ ਜਾਂਦਾ ਹੈ। ਕਵੀ ਜਦ ਜਦ ਆਪਣੇ ਦੇਸ਼ ਦੇ ਇਸ ਨਾਗਰਿਕ ਉੱਤੇ ਵਿਚਾਰ ਕਰਦਾ ਹੈ ਤਾਂ ਉਸਨੂੰ ਦੇਸ਼ ਉਤੇ ਸ਼ਰਮ ਆਉਂਦੀ ਹੈ।

ਆਸਮਾਨ ਦੀ ਨੀਲੀ ਛੱਤ ਹੇਠਾਂ,

ਧਰਤ ਦੇ ਦੇਸ਼ ਫ਼ਰਸ਼ 'ਤੇ

ਮੈਂ ਜੰਮਿਆ ਹਾਂ।

ਮੇਰੇ ਨੰਗੇ ਤਨ ਨੂੰ ਨਾ ਵੇਖ,

ਜੰਮਿਆਂ ਨੰਗਾ ਸੀ

ਅੱਜ ਵੀ ਨੰਗਾਂ ਹਾਂ

ਮੇਰਾ ਢਿੱਡ ਸਦਾ ਭੁੱਖਾ ਨਹੀਂ,

ਕਦੀ ਕਿਸੇ ਜੂਠੇ ਟੁੱਕਰ ਨਾਲ,

ਪੇਟ ਭਰ ਲੈਂਦਾ ਹਾਂ

................

ਦੂਜਿਆਂ ਸਾਹਵੇਂ, ਆਪਣੇ ਨੰਗੇਜ਼ 'ਤੇ,

ਮੈਨੂੰ ਸ਼ਰਮ ਨਹੀਂ,

ਮੇਰੇ ਦੇਸ਼ ਦਾ ਨਾਂ ਪੁੱਛਿਆ,

ਜੀਅ ਕਰਦੈ,

ਸ਼ਰਮ ਵਿਚ ਡੁੱਬ ਮਰਾਂ

## ਰਿਸ਼ਤੇ

ਅਜੀਤ ਸਿੰਘ ਮਸਤਾਨਾ ਦੀ ਕਵਿਤਾ 'ਰਿਸ਼ਤੇ' ਅਤੇ ਸੁਰਿੰਦਰ ਨੀਰ ਦੀ ਕਵਿਤਾ 'ਇਸ ਰਿਸ਼ਤੇ ਨੂੰ ਕੀ ਨਾਂ ਦਿਆਂ' ਪਿਆਰ ਦੇ ਰਿਸ਼ਤਿਆਂ ਨੂੰ ਦੁਨੀਆਵੀ ਅਤੇ ਲਹੂ ਦੇ ਰਿਸ਼ਤਿਆਂ ਤੋਂ ਵੱਧ ਉੱਤਮ ਦੱਸਦੀ ਹੈ।ਅਜੀਤ ਸਿੰਘ ਮਸਤਾਨਾ ਦੀ ਕਵਿਤਾ ਮਨੁੱਖੀ ਰਿਸ਼ਤਿਆਂ ਦੇ ਖੋਖਲੇਪਣ ਦੀ ਵਿਆਖਿਆ ਕਰਦੀ ਹੈ। ਉਹ ਪਹਿਲੇ ਦਰਜੇ ਦੇ ਰਿਸ਼ਤਿਆਂ ਨੂੰ ਰੱਤ ਮਾਸ ਦਾ ਰਿਸ਼ਤਾ ਕਹਿੰਦਾ ਹੈ ਪਰ ਇਹ ਰਿਸ਼ਤੇ ਜੀਵਨ ਵਿਚ ਆਈਆਂ ਸਵਾਰਥੀ ਰੁਚੀਆਂ ਕਾਰਨ ਆਪਣੀ ਪ੍ਰਸੰਗਿਕਤਾ ਗੁਆ ਬੈਠੇ ਹਨ।

ਰੱਤ ਮਾਸ ਦੇ ਰਿਸ਼ਤੇ

ਜਦੋਂ **ਨਿੱਝ** ਦੀ ਘੋੜੀ ਚੜ੍ਹ

ਲਗਾਮ ਫੜ

ਸਵਾਰਥ ਦੀ ਘੋੜੀ ਚੜ੍ਹ

ਸਾਹਮਣੇ ਆ ਖਲੋਂਦੇ ਹਨ

ਤਾਂ ਦਹਾਕਿਆਂ ਤੋਂ

ਪਾਲਿਆ ਭਰਮ

**ਕਿਰਚਾਂ ਕਿਰਚਾਂ** ਹੋ

ਦੂਰ ਹੋ ਜਾਂਦਾ ਹੈ

ਇਸੇ ਤਰ੍ਹਾਂ ਸੁਰਿੰਦਰ ਨੀਰ ਪਿਆਰ ਦੇ ਅਹਿਸਾਸ ਨੂੰ ਕੋਈ ਨਾਮ ਨਹੀਂ ਦੇਣਾ ਚਾਹੁੰਦੀ। ਉਸਨੂੰ ਰਿਸ਼ਤੇ ਵਿਚ ਨਹੀਂ ਬੰਨਣਾ ਨਹੀਂ ਚਾਹੁੰਦੀ।

ਕਹਿਣ ਜਾਂ ਸੁਣਨ ਦੇ ਮੁਹਤਾਜ ਨਹੀਂ ਹੁੰਦੇ

ਉਹ ਬੇਆਵਾਜ਼ ਬਿਨਾਂ ਕਿਸੇ ਹਲਚਲ ਦੇ

ਸਮਾ ਜਾਂਦੇ ਨੇ ਸਾਡੀਆਂ ਰਗਾਂ 'ਚ, ਧੜਕਣਾ 'ਚ

ਤੇ ਲਹੂ ਦੀ ਗਰਦਿਸ਼ ਵਿਚ

ਬਹੁਤ ਕਠਿਨ ਹੁੰਦਾ ਹੈ

ਇਨ੍ਹਾਂ ਅਹਿਸਾਸਾਂ ਨੂੰ ਨਾਵਾਂ ਦਾ ਚੋਲਾ ਪਵਾਣਾ

**ਜੀਵਨ:**

ਜੀਵਨ ਉਜਾਗਰ ਸਿੰਘ ਮਹਿਕ ਦੀ ਕਵਿਤਾ ਪੰਛੀ ਵਿਚ ਕਵੀ ਜੀਵਨ ਨੂੰ ਪੰਛੀ ਦਾ ਰੂਪ ਦਿੰਦਾ ਹੈ। ਪੰਛੀ ਦੇ ਬਿੰਬ ਰਾਹੀਂ ਮਨੁੱਖ ਨੂੰ ਸੰਭਲ ਕੇ ਚੱਲਣ ਦਾ ਸੁਨੇਹਾ ਦਿੰਦਾ ਹੈ। ਕਿਸੇ ਸ਼ਿਕਾਰੀ ਦੀ ਵਿਛਾਈ ਚੋਗ ਵਿਚ ਜਿਵੇਂ ਪੰਛੀ ਖੰਭ ਗੁਆ ਜੀਵਨ ਖੋਹ ਬੈਠਦਾ ਹੈ ਤਿਵੇਂ ਮਾੜੇ ਵਿਚਾਰਾਂ ਵਾਲੀ ਸੰਗਤ ਮਨੁੱਖ ਦੇ ਜੀਵਨ ਨੂੰ ਨਸ਼ਟ ਕਰ ਦਿੰਦੀ ਹੈ। ਇਸ ਲਈ ਕਵਿਤਾ ਵਿਚਲਾ ਕਾਵਿ-ਕਥਨ ਇਹ

ਸਥਾਪਿਤ ਕਰਦਾ ਹੈ ਕਿ ਚੰਗੇ ਅਤੇ ਲੰਮੇਰੇ ਜੀਵਨ ਦੀ ਪਰਵਾਜ਼ ਸਿਹਤਮੰਦ ਅਤੇ ਸੁਤੰਤਰ ਵਿਚਾਰਾਂ ਦੀ ਸ਼ਰਨ ਵਿਚ ਹੀ ਭਰੀ ਜਾ ਸਕਦੀ ਹੈ।

ਓਹ ਅਲਬੇਲੇ ਜੀਵਨ ਪੰਛੀ
ਖੰਭ ਸੰਭਲ ਕੇ ਵਰਤ ਤੂੰ ਆਪਣੇ
ਤੇਰੀ ਉਮਰ ਲੰਮੇਰੀ ਵਾਲਾ,
ਰਾਜ਼ ਇਨ੍ਹਾਂ ਵਿਚ ਲੁਕਿਆ ਹੋਇਆ

**ਔਰਤ ਦੀ ਸੁੰਦਰਤਾ:**

ਉਜਾਗਰ ਸਿੰਘ ਮਹਿਕ ਦੀ ਕਵਿਤਾ 'ਖਿੱਲਰੇ ਵਾਲ' ਅਤੇ ਮਾਨ ਭਾਰਗਵ ਦੀ ਕਵਿਤਾ 'ਉਹ ਕੁੜੀ' ਵਿਚ ਇਸਤਰੀ ਦੀ ਸੁੰਦਰਤਾ ਨੂੰ ਬਹੁਤ ਹੀ ਕੋਮਲ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ:

ਵੇਖ ਤੁਸਾਂ ਦੇ ਖਿੱਲਰੇ ਵਾਲ, ਮੋਰਾਂ ਮਿਲ ਪੈਲਾਂ ਪਾਈਆਂ।
ਉਹ ਇਹ ਸਮਝ ਕੇ ਨੱਚੇ, ਕਿ ਕਾਲੀਆਂ ਘਟਾਵਾਂ ਆਈਆਂ

ਮਾਨ ਭਾਰਗਵ ਵੀ ਪਹਾੜੀ ਕੁੜੀ ਦੀ ਖ਼ੂਬਸੂਰਤੀ ਨੂੰ ਮਨਮੋਹਕ ਅੰਦਾਜ਼ ਵਿਚ ਵਰਨਣ ਕਰਦੇ ਹਨ। ਕਵਿਤਾ ਉਨ੍ਹਾਂ ਰੋਮਾਂਟਿਕ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ ਜੋ ਇਕ ਸਾਦ ਮੁਰਾਦੀ ਪਹਾੜੀ ਕੁੜੀ ਲਈ ਕਵੀ ਅੰਦਰ ਜਾਗ੍ਰਿਤ ਹੋ ਰਹੀਆਂ ਹਨ। ਕਵੀ ਬਰਫ਼ਾਂ ਤੇ ਮਹਿਕਾਂ ਦੀ ਜਾਈ ਨੂੰ ਪਵਿੱਤਰ ਦੇਵੀ ਨਾਲ ਤੁਲਨਾਉਂਦਾ ਹੈ।

ਉਹ ਕੁੜੀ ਬਰਫ਼ਾਂ ਦੀ ਪੁਤਲੀ!
ਉਹ ਕੁੜੀ ਮਹਿਕਾਂ ਦੀ ਜਾਈ!
ਉਹ ਕੁੜੀ ਪਹਾੜਾਂ ਦੀ ਬੇਟੀ!
ਦੇਵੀ ਦੀ ਪਵਿੱਤਰਤਾਈ!

**ਪਦਾਰਥਵਾਦ**

ਅਮਰ ਸਿੰਘ ਕੂਕਾ ਆਪਣੀ ਗ਼ਜ਼ਲ 'ਮੈਂ ਘੁਮਿਆਰ ਦਾ ਇਕ ਇਕ' ਵਿਚ ਵਰਤਮਾਨ ਦੌਰ ਦੇ ਉਸ ਮਨੁੱਖ ਨੂੰ ਮੁਖ਼ਾਤਿਬ ਹੁੰਦਾ ਹੈ ਜੋ ਦੁਨਿਆਵੀ ਪਦਾਰਥਾਂ ਦੀਆਂ ਕਦੇ ਨਾ ਮੁੱਕਣ ਵਾਲੀਆਂ

ਲਾਲਸਾਵਾਂ ਦਾ ਸ਼ਿਕਾਰ ਹੋ ਚੁੱਕਾ ਹੈ। ਜੀਵਨ ਵਿਚ ਵਾਪਰ ਰਹੀ ਪਦਾਰਥਾਂ ਦੀ ਇਸ ਚਕਾਚੌਂਧ ਨੇ ਉਸ ਨੂੰ ਮਾਨਵੀ ਜੀਵਨ ਦੇ ਆਦਰਸ਼ਕ ਪਹਿਲੂਆਂ ਤੋਂ ਦੂਰ ਕਰ ਦਿੱਤਾ ਹੈ। ਇਸੇ ਤਰ੍ਹਾਂ 'ਹੈ ਕਾਸਾ ਰੂਹ ਦਾ ਖ਼ਾਲੀ' ਗ਼ਜ਼ਲ ਵਿਚ ਬਲਜੀਤ ਰੈਨਾ ਨੇ ਪਰੰਪਰਕ ਗਿਆਨ ਨੂੰ ਆਧਾਰ ਬਣਾ ਕੇ ਇੱਕੀਵੀਂ ਸਦੀ ਦੇ ਉੱਤਰ- ਵਿਗਿਆਨਕ ਦੌਰ ਵਿਚੋਂ ਗੁਜ਼ਰ ਰਹੇ ਮਨੁੱਖ ਦੀ ਫ਼ੋਕੀ ਤਰੱਕੀ ਨੂੰ ਦਰਸਾਇਆ ਹੈ। ਮਨੁੱਖ ਨੂੰ ਪਦਾਰਥਵਾਦੀ ਰੁਚੀਆਂ ਨੇ ਤਨ ਅਤੇ ਮਨ ਤੋਂ ਬੇਅਰਾਮ ਕਰ ਦਿੱਤਾ ਹੈ।

**ਆਸ਼ਾਵਾਦ ਅਤੇ ਖੇੜਾ:**

ਦਵਿੰਦਰ ਸਿੰਘ ਵਿਸ਼ਵਨਾਗਰਿਕ ਦੀ ਕਵਿਤਾ 'ਸਦੀਆਂ ਤੋਂ ਚਲਦਾ ਗੀਤ' ਚਾਣਨ ਅਤੇ ਆਸ ਦੀ ਤੰਦ ਦੇ ਸਾਹਮਣੇ ਹਨੇਰੇ ਨੂੰ ਨਿਗੂਣਾ ਸਾਬਿਤ ਕਰਦੀ ਹੈ। ਇਤਿਹਾਸ ਨੇ ਮਾਨਵਤਾ ਅਤੇ ਮਾਨਵ ਨੂੰ ਕਦੀ ਖ਼ਤਮ ਨਹੀਂ ਹੋਣ ਦਿੱਤਾ। ਹਨੇਰਾ ਕਦੀ ਵੀ ਚਾਣਨ ਰੂਪੀ ਵਿਚਾਰਾਂ ਨੂੰ ਮਿਟਾ ਨਹੀਂ ਸਕਿਆ। ਸਕਾਰਾਤਮਕ ਵਿਚਾਰਾਂ ਦੀ ਚੰਗਿਆੜੀ ਆਉਣ ਵਾਲੇ ਸਮੇਂ ਨੂੰ ਰਸਤਾ ਦਿਖਾ ਦਿੰਦੀ ਹੈ ਅਤੇ ਆਸ ਦਾ ਗੀਤ ਹਮੇਸ਼ਾਂ ਬਲਦਾ ਰਹਿੰਦਾ ਹੈ।

ਘੁੱਪ ਹਨੇਰਾ ਜਦ ਵੀ ਹੋਇਆ,
**ਟਟਹਿਣੇ** ਦੀ ਲੋਅ ਦੇ ਅੰਦਰ,
ਮੈਂ ਫੜ ਰੱਖੀਆਂ,
ਆਸ ਦੀਆਂ ਤੰਦਾਂ, ਨਵੀਂ ਸਵੇਰ ਦੇ ਆਉਣ ਤੀਕਰ
..................................................
ਇੰਝ ਲੱਗਦੈ, ਸਦੀਆਂ ਤੋਂ ਮੇਰਾ ਪਹਿਲਾ ਗੀਤ ਹੀ ਮੁੱਕਾ ਨਹੀਂ।

ਇਸੇ ਤਰ੍ਹਾਂ ਵਿਸ਼ਵਨਾਗਰਿਕ ਦੀ ਇਕ ਹੋਰ ਕਵਿਤਾ 'ਮੈਂ ਵਣਜਾਰਾ' ਵੀ ਖੇੜਿਆਂ ਅਤੇ ਖੁਸ਼ੀਆਂ ਨੂੰ ਵੰਡਦੀ ਹੋਈ ਨਜ਼ਰ ਆਉਂਦੀ ਹੈ। ਕਵਿਤਾ ਨਰੋਏ ਜੀਵਨ, ਆਸ ਅਤੇ ਸਕਾਰਤਮਕ ਸੋਚ, ਅਪਣਾਉਣ ਅਤੇ ਈਰਖਾ, ਨਫ਼ਰਤ, ਦੁਸ਼ਮਨੀ ਦੇ ਵਿਚਾਰਾਂ ਨੂੰ ਤਿਆਗਣ ਦਾ ਸੰਦੇਸ਼ ਦਿੰਦੀ ਹੈ।

ਮੈਂ ਵਣਜਾਰਾ....।
ਖੁਸ਼ੀਆਂ ਲੈ ਲੋ, ਹਾਸੇ ਲੈ ਲੋ, ਕਰ ਲੋ ਸੱਚੇ ਸੁਪਨੇ।
ਇਸ ਮਾਲ 'ਚ ਬਰਕਤ ਐਸੀ ਹੋਣ ਪਰਾਏ ਅਪਨੇ।

ਸਧਰਾਂ ਪੂਰੀਆਂ ਕਰ ਲੋ ਸਜਣੋ, ਪੀੜਾਂ ਮੈਨੂੰ ਦੇ ਕੇ,

..............................................

ਲਹੂ 'ਚ ਰਚੇ ਜ਼ਹਿਰ ਨੂੰ ਲੋਕੋ ਇਕੋ ਇਕੋ ਚੂਸੀ ਚੂਸਾ,

ਆਉ ਅਪਣਾ ਜ਼ਹਿਰ ਕਢਾ ਲੋ ਫਿਰ ਨਹੀਂ ਮਿਲਣਾ ਮੌਕਾ।

ਮੈਂ ਵਣਜਾਰਾ....।

**ਸਮਕਾਲਿਕ ਸਮੱਸਿਆਵਾਂ :**

ਲਗਭਗ ਸਾਰੇ ਕਵੀਆਂ ਨੇ ਸਮਕਾਲੀ ਸਮੱਸਿਆਵਾਂ ਨੂੰ ਆਪਣੀ ਲਿਖਤ ਦਾ ਹਿੱਸਾ ਬਣਾਇਆ ਹੈ। ਰਾਜਨੀਤੀ ਅਤੇ ਅਫ਼ਸਰਸ਼ਾਹੀ ਦਾ ਅਸਲੀ ਰੂਪ, ਰਿਸ਼ਤਿਆਂ ਵਿਚਲੀ ਖਟਾਸ, ਚੁਗ਼ਲਖ਼ੋਰ ਅਤੇ ਈਰਖਾਲੂ ਸਮਾਜ ਦਾ ਚਿੱਤਰਣ ਬਾਖ਼ੂਬੀ ਅਤੇ ਸਫਲਤਾਪੂਰਵਕ ਕਵੀਆਂ ਦੁਆਰਾ ਕੀਤਾ ਗਿਆ ਹੈ। ਸੁਰਿੰਦਰ ਨੀਰ ਦੀ 'ਪ੍ਰਦੂਸ਼ਣ', ਸਵਾਮੀ ਅੰਤਰਨੀਰਵ ਦੀ ਕਵਿਤਾ 'ਮੇਰਾ ਰਾਜਾ', ਡਾ. ਮੋਨੋਜੀਤ ਦੀ ਕਵਿਤਾ 'ਕੀ ਕਰੇ ਸਰਕਾਰ', ਨਿਰਮਲ ਵਿਨੋਦ ਦੀ ਕਵਿਤਾ 'ਦੈਂਤ' ਸਮਕਾਲੀ ਨਕਾਰਾਤਮਕ ਸੋਚ ਅਤੇ ਸਮਾਜਕ ਨਿਘਾਰ ਨੂੰ ਬਹੁਤ ਹੀ ਵਿਅੰਗਮਈ ਸ਼ੈਲੀ ਵਿਚ ਬਿਆਨ ਕਰਦੀਆਂ ਹਨ।

ਅਸੀਂ ਵਾਕਿਫ਼ ਹੁੰਦੇ ਹਾਂ ਸਾਰੇ ਹੀ ਆਪੋ ਆਪਣੀਆਂ ਕਮੀਆਂ ਤੋਂ
ਤੇ ਵਾਕਿਫ਼ ਹੁੰਦੇ ਹਾਂ ਉਨ੍ਹਾਂ ਹਾਲਾਤਾਂ ਤੋਂ ਵੀ
ਜਿਨ੍ਹਾਂ ਕਾਰਨ ਵਾਪਰਦਾ ਹੈ ਇਹ ਸਭ ਕੁਝ
ਪਰ ਫਿਰ ਵੀ ਖੌਰੇ ਕਿਉਂ
ਅਸੀਂ ਆਪਣੇ ਆਪ ਤੋਂ ਨਜ਼ਰਾਂ ਬਚਾ
ਵੇਖਣ ਲੱਗ ਜਾਂਦੇ ਹਾਂ ਦੂਜਿਆਂ ਦੇ ਐਕਸਰੇ
ਪ੍ਰਸ਼ਨਾਤਮਕ, ਵਿਅੰਗਆਤਮਕ ਨਜ਼ਰਾਂ ਨਾਲ
ਖੋਜਣ ਲੱਗਦੇ ਹਾਂ ਦੂਜਿਆਂ ਦੀਆਂ ਅੱਖਾਂ ਦੇ ਰਹੱਸ
ਸਿੱਧੀ ਤਾਣ ਕੇ ਆਪਣੇ ਹੱਥ ਦੀ ਦੂਜੀ ਉਂਗਲ
ਕਰਨ ਲੱਗਦੇ ਹਾਂ ਕਿਸੇ ਦੂਜੇ ਦੀ ਪਿੱਠ ਵੱਲ ਇਸ਼ਾਰੇ

## 3.3.3 ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦੇ ਸੰਗ੍ਰਿਹ 'ਕਾਵਿ ਮਹਿਕਾਂ' ਵਿਚਲੀ ਕਵਿਤਾ ਦੀ ਸਾਹਿੱਤਕ ਆਲੋਚਨਾ

### ਵਿਸ਼ਾ ਪੱਖ:

ਕਾਵਿ ਪੋਥੀ 'ਕਾਵਿ ਮਹਿਕਾਂ' ਵਿਚ ਪੰਦਰਾਂ ਕਵੀਆਂ ਦੀਆਂ ਕਾਵਿ ਕਿਰਤਾਂ, ਕਵਿਤਾਵਾਂ, ਗ਼ਜ਼ਲਾਂ ਅਤੇ ਗੀਤਾਂ ਦੇ ਰੂਪ ਵਿਚ ਦਰਜ ਹਨ। ਪੋਥੀ ਦੇ ਨਾਮ ਦੀ ਤਰ੍ਹਾਂ ਹੀ ਇਸ ਵਿਚ ਦਰਜ ਕਿਰਤਾਂ ਆਪਣੀ ਵੱਖੋ-ਵੱਖਰੀ ਮਹਿਕ ਖਿਲਾਰ ਰਹੀਆਂ ਹਨ। ਲਗਭਗ ਸਾਰੇ ਹੀ ਸਮਾਜ-ਸੱਭਿਆਚਾਰਕ ਵਿਸ਼ੇ ਇਸ ਕਾਵਿ ਪੋਥੀ ਦਾ ਹਿੱਸਾ ਹਨ। ਕਸ਼ਮੀਰ ਦੀ ਖ਼ੂਬਸੂਰਤੀ ਅਤੇ ਕਸ਼ਮੀਰ ਵਿਚ ਹੋ ਰਹੀ ਦਹਿਸ਼ਤਗਰਦੀ ਵਿਚੋਂ ਉਪਜੀ ਨਿਰਾਸ਼ਾ ਨੂੰ ਕਵੀਆਂ ਨੇ ਬੜੇ ਸੂਖਮ ਅੰਦਾਜ਼ ਵਿਚ ਬਿਆਨ ਕੀਤਾ ਹੈ। ਇਸ ਤੋਂ ਇਲਾਵਾ ਪਦਾਰਥਵਾਦ, ਔਰਤ ਦੇ ਮਸਲੇ, ਰਾਜਨੀਤੀ ਅਤੇ ਅਫ਼ਸਰਾਂ ਦਾ ਭ੍ਰਿਸ਼ਟਾਚਾਰ, ਨਾਰੀ ਦੀ ਖ਼ੂਬਸੂਰਤੀ, ਹਾਸ਼ੀਆਗਤ ਲੋਕਾਂ ਦੀਆਂ ਦੁੱਖ-ਤਕਲੀਫ਼ਾਂ, ਇਤਿਹਾਸਕ ਅਤੇ ਮਿਥਹਾਸਕ ਪਾਤਰ, ਆਸ਼ਾਵਾਦ, ਪ੍ਰੇਮੀ-ਪ੍ਰੇਮਿਕਾ ਦੇ ਪਿਆਰ ਅਤੇ ਵਸਲ ਦੇ ਸੂਖਮ ਭਾਵ, ਪ੍ਰਗਤੀਵਾਦੀ ਵਿਚਾਰ ਲਗਭਗ ਹਰ ਦ੍ਰਿਸ਼ਟੀਕੋਣ ਕਾਵਿ ਪੋਥੀ ਦਾ ਹਿੱਸਾ ਹਨ।

### ਨਾਟਕੀ ਤੱਤ:

ਕੁਝ ਕਵਿਤਾਵਾਂ ਵਿਚ ਨਾਟਕੀ ਤੱਤ ਵੀ ਸ਼ਾਮਿਲ ਹਨ। ਖ਼ਾਸ ਕਰਕੇ ਨਿਰਮਲ ਵਿਨੋਦ ਦੀ ਕਵਿਤਾ 'ਚਿੜੀਆਂ' ਵਿਚ ਅਜਿਹੇ ਤੱਤਾਂ ਦੀ ਪ੍ਰਾਪਤੀ ਹੁੰਦੀ ਹੈ। ਕਵੀ ਪਿੰਜਰੇ ਨੂੰ ਅਨੰਦ ਮਾਨਣ ਵਾਲੀ ਜਗ੍ਹਾ ਦੇ ਰੂਪ ਵਿਚ ਚਿੱਤਰ ਕੇ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਗ਼ੁਲਾਮੀ ਨੂੰ ਪ੍ਰਗਟ ਕਰਦਾ ਹੈ।

ਉਨ੍ਹਾਂ ਫਸਾਈਆਂ ਸਨ ਕੁਝ ਚਿੜੀਆਂ
ਚਿੜੀਆਂ ਉਹਨਾਂ ਦੇ ਜਾਲ ਵਿਚੋਂ ਨਿਕਲ
ਉਹਨਾਂ ਦੇ ਹੱਥੋਂ-
ਪਿੰਜਰਿਆਂ 'ਚ ਜਾ ਪਈਆਂ
ਕਿਉਂਕਿ ਉਹਨਾਂ ਦੀ ਮਰਜ਼ੀ ਸੀ
ਜੇ ਚਿੜੀਆਂ ਪਿੰਜਰਿਆਂ ਵਿਚ ਰਹਿਣ
ਉਹਨਾਂ ਚਿੜੀਆਂ ਨੂੰ ਦੱਸਿਆ

"ਅਸੀਂ ਆਪਣੇ ਹੱਥੀਂ ਬਣਾਏ ਹਨ ਪਿੰਜਰੇ ਤੁਹਾਡੇ ਲਈ
ਅਸੀਂ ਤਹਾਨੂੰ ਪਿਆਰ ਕਰਦੇ ਹਾਂ।
ਤੁਸੀਂ ਪਿੰਜਰਿਆਂ ਵਿਚ ਰਹਿ ਕੇ ਅਨੰਦ ਮਾਣੋ"।

**ਭਾਵਨਾਤਮਕ ਪੱਖ:**

ਕਵਿਤਾਵਾਂ ਵਿਚ ਜਿੱਥੇ ਵੀ ਕਸ਼ਮੀਰੀ ਅਤੇ ਰਾਜਨੀਤੀ ਦੀ ਲੁੱਟ-ਖਸੁੱਟ ਦੇ ਵੇਰਵੇ ਪ੍ਰਾਪਤ ਹੁੰਦੇ ਹਨ ਕਵੀਆਂ ਦੀ ਸੰਵੇਦਨਸ਼ੀਲਤਾ ਉੱਚ ਦਰਜੇ ਦੀ ਹੋ ਜਾਂਦੀ ਹੈ। ਆਮ ਜਨਤਾ ਦੁਆਰਾ ਹੰਢਾਈ ਗਈ ਪੀੜ ਨੂੰ ਕਵੀਆਂ ਦੀ ਕਲਮ ਨੇ ਬਹੁਤ ਖ਼ੂਬਸੂਰਤੀ ਅਤੇ ਸੰਵੇਦਨਸ਼ੀਲਤਾ ਨਾਲ ਪ੍ਰਗਟਾਇਆ ਹੈ। ਸੁਰਿੰਦਰ ਨੀਰ ਦੀ ਕਵਿਤਾ 'ਝੀਲ ਤੇ ਪੱਥਰ' ਡਾ. ਮੋਨੋਜੀਤ ਦੀ ਕਵਿਤਾ 'ਪਿਆਰ: ਵਗ ਉਠੇਗੀ ਮਾਂ ਦੀ ਅੱਖ' ਇੱਛੂਪਾਲ ਦੀ ਕਵਿਤਾ 'ਦਸਤਕ' ਇਸਦੇ ਉੱਤਮ ਉਦਾਹਰਨ ਹਨ।

**ਭਾਸ਼ਾ ਪੱਖ:**

ਇਨ੍ਹਾਂ ਕਵਿਤਾਵਾਂ ਦੀ ਭਾਸ਼ਾ ਸਰਲ, ਰਸਮਈ, ਵਿਅੰਗਆਤਮਕ, ਡੂੰਘੇ ਅਰਥਾਂ ਨਾਲ ਭਰੀ ਹੋਈ ਹੈ। ਸ਼ਬਦ ਬਹੁਤ ਸਟੀਕ ਅਤੇ ਵਿਸ਼ੇ ਦੇ ਅਨੁਸਾਰ ਚੁਣੇ ਗਏ ਹਨ। ਗੀਤਾਂ ਦੀ ਭਾਸ਼ਾ ਵਿਚ ਇੱਕ ਰਵਾਨਗੀ ਅਤੇ ਲੈ ਸਪਸ਼ਟ ਤੌਰ ਉੱਤੇ ਮਹਿਸੂਸ ਹੁੰਦੀ ਹੈ। ਕਵਿਤਾਵਾਂ ਵਿਚ ਉਪਯੁਕਤ ਕਾਵਿਕ ਦ੍ਰਿਸ਼ਾਂ, ਅਲੰਕਾਰਾਂ, ਰੂਪਕਾਂ, ਪ੍ਰਤੀਕਾਂ ਦੇ ਇਸਤੇਮਾਲ ਨੇ ਪਾਠਕ ਦੇ ਦ੍ਰਿਸ਼ਟੀਕੋਣ ਅਤੇ ਵਿਚਾਰ ਨੂੰ ਵਿਸ਼ਾਲਤਾ ਪ੍ਰਦਾਨ ਕੀਤੀ ਹੈ।

**ਬਿੰਬ:**

ਕਾਵਿ ਕਲਾ ਵਿਚ ਬਿੰਬਾਂ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਬਿੰਬ ਸਾਡੀਆਂ ਇੰਦਰੀਆਂ ਦੁਆਰਾ ਗ੍ਰਹਿਣ ਕੀਤੀਆਂ ਸੰਵੇਦਨਾਵਾਂ ਦਾ ਚਿੱਤਰ ਹੁੰਦਾ ਹੈ। ਕਵੀ ਦੀ ਕਲਪਨਾ ਬਿੰਬ ਰਾਹੀਂ ਪਾਠਕ ਦੀਆਂ ਅੱਖਾਂ ਸਾਹਮਣੇ ਘੁੰਮਣ ਲੱਗ ਜਾਂਦੀ ਹੈ। ਜੰਮੂ-ਕਸ਼ਮੀਰ ਦੇ ਚੌਗਿਰਦੇ ਵਿਚੋਂ ਨਿਕਲੀ ਹੋਈ ਕਵਿਤਾ ਬਿੰਬ ਵਿਹੀਨ ਕਦੀ ਨਹੀਂ ਹੋ ਸਕਦੀ। ਹਰ ਕਵੀ ਦੀ ਕਵਿਤਾ ਇਦੰਰੀਆਂ ਨੂੰ ਟੁੰਬਦੀ ਹੈ। ਅੱਖਾਂ ਸਾਹਮਣੇ ਦ੍ਰਿਸ਼ਆਤਮਕਤਾ ਉਤਪੰਨ ਕਰਦੀ ਹੈ। ਚਾਹੇ ਉਹ ਕਵਿਤਾ ਖ਼ੁਸ਼ੀਆਂ-ਖੇੜਿਆਂ ਦੀ ਹੋਵੇ, ਚਾਹੇ ਦੁੱਖ ਤਕਲੀਫ਼ਾਂ ਅਤੇ ਕਸ਼ਮੀਰ ਦੀ ਦਹਿਸ਼ਤਗਰਦੀ ਦੀ ਬਿੰਬਾਤਮਕਤਾ ਦੇ ਦਰਸ਼ਨ ਕਿਸੇ ਨਾ ਕਿਸੇ ਰੂਪ ਵਿਚ ਮਿਲ ਹੀ ਜਾਂਦੇ ਹਨ। ਸੁਰਿੰਦਰ ਨੀਰ ਦੀ ਕਵਿਤਾ ਝੀਲ ਤੇ ਪੱਥਰ, ਜੁਗਨੂੰ ਤੇ

ਮੱਛੀਆਂ, ਡਾ. ਮੋਨੋਜੀਤ ਦੀ ਕਵਿਤਾ 'ਪਿਆਰ : ਵਗ ਉਠੇਗੀ ਮਾਂ ਦੀ ਅੱਖ' ਦ੍ਰਿਸ਼ ਅਤੇ ਗੰਧ ਬਿੰਬ ਦੇ ਬਹੁਤ ਖ਼ੂਬਸੂਰਤ ਉਦਾਹਰਨ ਹਨ।

ਮੈਂ ਵੇਖੇ ਨੇ ਇਸ ਝੀਲ ਦੇ ਆਲੇ-ਦੁਆਲੇ
ਬੇਸ਼ੁਮਾਰ ਖਿੜੇ ਰੰਗ ਬਿਰੰਗੇ ਹੁਸੀਨ ਮਹਿਕਦੇ ਫੁੱਲ
ਬੂਟਿਆਂ ਦੇ **ਸਬਜ਼ਾਰ** ਵਿਚ ਆਲ੍ਹਣੇ ਪਾਉਂਦੇ ਪੰਛੀਆਂ ਦੇ ਜੋੜੇ
(ਸੁਰਿੰਦਰ ਨੀਰ)

ਉਹ ਹੈਰਾਨ ਹੋ ਕੇ ਵੇਖਦੀ ਹੈ
ਤਲਾਬ ਵਿਚ ਤੈਰਦੀਆਂ ਮੱਛੀਆਂ ਨੂੰ
ਲੁਕਦੀਆਂ ਛਿਪਦੀਆਂ ਮਚਲਦੀਆਂ ਮੱਛੀਆਂ
.......................................
ਕਿਉਂਕਿ ਆਕਾਸ਼ ਵਿਚ ਨਿਗਾਹ ਟਿਕਾਈ
ਘੁੰਮਦੇ ਰਹਿੰਦੇ ਨੇ ਇੱਲਾਂ ਤੇ ਬਾਜ਼
ਜੋ ਨੋਚ ਲੈਂਦੇ ਨੇ ਅੱਖਾਂ ਵਿਚਲੇ ਮਾਸੂਮ ਖ਼ਾਬਾਂ ਨੂੰ ਪੁੰਗਰਨ ਤੋਂ ਪਹਿਲਾਂ
(ਸੁਰਿੰਦਰ ਨੀਰ)

ਫਰਸ਼ 'ਤੇ ਪਿਆ ਸੀ।
ਸ਼ੁੱਧ ਖੁੱਲ੍ਹਾ ਕਮਰੇ ਤੇ
ਮੱਠੀ-ਮੱਠੀ ਹਵਾ
ਪ੍ਰਤੀਕ ਅਤੇ ਰੂਪਕ:
ਮੌਤ ਦੀ ਦੁਰਗੰਧ ਨੂੰ
ਸਲੀਕੇ ਨਾਲ ਫੈਲਾ ਰਹੀ ਸੀ
ਵਾਤਾਵਰਣ ਵਿਚ।

ਤੇ ਦੂਰੋਂ ਆਂਦੀ ਹੋਈ ਹਵਾ ਵਿਚ
ਮਿਲੀ ਹੋਈ ਬਰੂਦ ਦੀ ਦੁਰਗੰਧ ਵਿਚ

ਡਾ. ਮੋਨੋਜੀਤ

### ਪ੍ਰਤੀਕ ਅਤੇ ਰੂਪਕ :

ਕਾਵਿ ਪੋਥੀ ਦੇ ਵਿਭਿੰਨ ਕਵੀਆਂ ਨੇ ਬਹੁਤ ਖ਼ੂਬਸੂਰਤੀ ਨਾਲ ਪ੍ਰਤੀਕਾਂ ਅਤੇ ਰੂਪਕਾਂ ਦਾ ਇਸਤੇਮਾਲ ਕਰਕੇ ਆਪਣੀ ਲਿਖਤ ਨੂੰ ਪ੍ਰਭਾਵਸ਼ਾਲੀ ਬਣਾਇਆ ਹੈ। ਕਵਿਤਾਵਾਂ ਵਿਚ ਪਰੰਪਰਾਗਤ ਅਤੇ ਨਵੀਨ ਦੋਹਾਂ ਤਰ੍ਹਾਂ ਦੇ ਪ੍ਰਤੀਕਾਂ ਦਾ ਇਸਤੇਮਾਲ ਕੀਤਾ ਗਿਆ ਹੈ। ਕਸ਼ਮੀਰ ਨੂੰ ਹਰੇ ਭਰੇ ਰੁੱਖ ਅਤੇ ਉਸਦੀ ਨਿਰਾਸ਼ਾ ਤੇ ਅਸ਼ਾਂਤੀ ਨੂੰ ਸੁੱਕੇ ਜੰਗਲ, ਇਕ ਮੁਟਿਆਰ ਦੇ ਦੁੱਖ, ਕੌਰਵਾਂ ਦੇ ਰੂਪਕ ਰਾਹੀਂ ਦਰਸਾਇਆ ਗਿਆ ਹੈ। 'ਮੂਧਾ ਪਾਤਰ' ਸ਼ਬਦ ਮੂਰਖ ਲੋਕਾਂ ਲਈ ਇਸਤੇਮਾਲ ਕੀਤਾ ਗਿਆ ਹੈ ਜਿਨ੍ਹਾਂ ਦੀ ਅਗਿਆਨਤਾ ਅਤੇ ਅਭਿਮਾਨਤਾ ਸਾਹਮਣੇ ਸੱਚੇ ਗਿਆਨ ਦੀ ਬਰਸਾਤ ਦੀ ਕੋਈ ਬੂੰਦ ਨਹੀਂ ਟਿਕ ਸਕਦੀ। 'ਕਲਮ' ਮੈਟਾਫਰ ਦਾ ਇਸਤੇਮਾਲ ਜਾਗ੍ਰਿਤੀ ਜਗਾਉਣ ਵਾਲੇ ਦੇ ਰੂਪ ਵਿਚ, ਧੂੜ ਦੇ ਮੈਟਾਫਰ ਦਾ ਇਸਤੇਮਾਲ ਮਾਨਵੀ ਸੋਚ ਦੇ ਖੋਰਾ ਲੱਗਣ ਨੂੰ, ਸਾਖੀਆਂ ਵਿਚਲੇ ਕੋਡੇ ਰਾਕਸ਼ ਨੂੰ ਅਨਿਆਂ ਸ਼ੋਸ਼ਣ ਕਰਨ ਵਾਲੀ ਧਿਰ ਤੇ ਮਰਦਾਨੇ ਨੂੰ ਸ਼ੋਸ਼ਿਤ ਧਿਰ ਦੇ ਰੂਪ ਵਿਚ ਚਿੱਤਰਿਆ ਗਿਆ ਹੈ। ਇਸੇ ਤਰ੍ਹਾਂ ਪਰੰਪਰਾਗਤ ਪ੍ਰਤੀਕਾਂ ਵਿਚ ਪਿਆਰ ਲਈ ਦੇਵਤਾ, ਸਵਾਰਥ ਲਈ ਦੈਂਤ, ਮਾਸੂਮ ਲੋਕਾਂ ਅਤੇ ਔਰਤ ਲਈ ਚਿੜੀ, ਚਾਣਨ ਲਈ ਦੀਵੇ, ਹੱਕ ਸੱਚ ਦੀ ਲੜਾਈ ਕਰਨ ਵਾਲੇ ਲਈ ਸੂਲੀ ਪ੍ਰਤੀਕ ਦੀ ਵਰਤੋਂ ਕੀਤੀ ਗਈ ਹੈ।

## 3.3.4 ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦੇ ਸੰਗ੍ਰਿਹ 'ਕਾਵਿ ਮਹਿਕਾਂ' ਵਿਚਲੇ ਕਵੀਆਂ ਦਾ ਪੰਜਾਬੀ ਸਾਹਿਤ ਨੂੰ ਯੋਗਦਾਨ

### ਉਜਾਗਰ ਸਿੰਘ ਮਹਿਕ

ਉਜਾਗਰ ਸਿੰਘ ਮਹਿਕ ਦਾ ਜਨਮ ਜ਼ਿਲ੍ਹਾ ਪੁਣਛ ਦੇ ਇਕ ਪਿੰਡ ਭਾਨਤੀਨ ਵਿਚ 1931 ਨੂੰ ਹੋਇਆ। ਕਿੱਤੇ ਵਜੋਂ ਉਹ ਇੱਕ ਅਧਿਆਪਕ ਹਨ। ਲੰਮਾ ਸਮਾਂ ਉਹ ਪੰਜਾਬੀ ਰਸਾਲੇ 'ਚੜ੍ਹਦੀ ਸਦੀ' ਅਤੇ ਅੰਗਰੇਜ਼ੀ ਰਸਾਲਾ 'Monthly Briefngs' ਦੇ ਸੰਪਾਦਕ ਵੀ ਰਹੇ। ਉਸ ਨੇ ਵੈਰਾਗੀ ਝੇੜਾ

(1949) ਝਨਾਂ ਦੇ ਕੰਡੇ (1962) ਸੱਜਣੀ (1966) ਨਵਾਂ ਸਵੇਰਾ (1974) ਅਰਸ਼ ਉਛਾਲੇ (1984) ਠੰਡਾ ਸੂਰਜ (1991) ਆਦਿ ਕਾਵਿ ਸੰਗ੍ਰਹਿ ਪੰਜਾਬੀ ਪਾਠਕ ਜਗਤ ਨੂੰ ਦਿੱਤੇ। ਉਜਾਗਰ ਸਿੰਘ ਮਹਿਕ ਨੇ ਆਪਣੀ ਕਲਮ ਨਾਲ ਕੁਦਰਤ ਪਿਆਰ, ਨਿੱਜੀ ਪਿਆਰ, ਆਰਥਿਕ ਲੁੱਟ-ਖਸੁੱਟ, ਸਮਾਜਿਕ ਨਾ ਬਰਾਬਰੀ ਆਦਿ ਵਿਸ਼ਿਆਂ ਨੂੰ ਸੁਖਮਤਾ ਨਾਲ ਪ੍ਰਗਟਾਇਆ। ਇਸੇ ਤਰ੍ਹਾਂ ਉਨ੍ਹਾਂ ਦਾ ਇੱਕ ਕਹਾਣੀ ਸੰਗ੍ਰਹਿ 'ਉਸ ਬਦਲਾ ਲੈ ਲਿਆ' ਅਤੇ 'ਅਨੋਖਾ ਰਾਹ' ਨਾਵਲ ਅਤੇ 'ਲਾਸ਼ਾਂ ਦਾ ਸਾਗਰ' ਨਾਟ ਰਚਨਾਵਾਂ ਵੀ ਮਿਲਦੀਆਂ ਹਨ।

### ਅਮਰ ਸਿੰਘ ਕੂਕਾ

ਅਮਰ ਸਿੰਘ ਕੂਕਾ ਦਾ ਜਨਮ ਪਿੰਡ ਮੁਹਾਰ-ਸ਼ਰੀਫ਼, ਤਹਿਸੀਲ ਨਾਰੋਵਾਲ, ਜ਼ਿਲ੍ਹਾ ਸਿਆਲਕੋਟ ਅੱਜਕਲ੍ਹ ਪਾਕਿਸਤਾਨ ਵਿਚ 1935 ਨੂੰ ਹੋਇਆ। ਉਸ ਦੀ ਵਿੱਦਿਅੱਕ ਯੋਗਤਾ ਦਸਵੀਂ ਹੈ। ਵੀਹਵੀਂ ਸਦੀ ਦੇ ਛੇਵੇਂ ਦਹਾਕੇ ਤੋਂ ਉਹ ਜੰਮੂ ਵਿਖੇ ਰਹਿ ਰਿਹਾ ਹੈ। ਕਿੱਤੇ ਵਜੋਂ ਉਹ ਪਹਿਲਾਂ-ਪਹਿਲਾਂ ਜੰਮੂ ਦੀ ਗੰਨ ਫੈਕਟਰੀ ਵਿਚ ਖਰਾਦ ਦਾ ਕੰਮ ਕਰਦਾ ਰਿਹਾ ਅਤੇ ਬਾਅਦ ਵਿਚ ਸੁਪਰਵਾਇਜ਼ਰੀ ਕੀਤੀ। ਜੰਮੂ-ਕਸ਼ਮੀਰ ਗੰਨ ਮੈਨੂਫ਼ੈਕਚਰ ਟ੍ਰੇਡ ਯੂਨੀਅਨ ਕਾਂਗਰਸ ਜਿਸ ਦੀ ਸਥਾਪਨਾ 1973 ਵਿਚ ਹੋਈ ਉਹ ਉਸ ਦੇ ਮੋਢੀ ਮੈਂਬਰਾਂ ਵਿਚੋਂ ਇੱਕ ਹੈ ਅਤੇ ਬਾਅਦ ਵਿਚ ਇਸ ਯੂਨੀਅਨ ਦੇ ਪ੍ਰਧਾਨ ਦੇ ਅਹੁਦੇ ਉੱਤੇ ਕੰਮ ਕਰਦਿਆਂ ਉਸ ਨੇ ਕਿਰਤੀ-ਕਾਮਿਆਂ ਦਾ ਡਟ ਕੇ ਸਾਥ ਦਿੱਤਾ। ਲੰਮਾ ਸਮਾਂ ਉਸ ਦੀਆਂ ਗ਼ਜ਼ਲਾਂ ਪੰਜਾਬੀ ਦੇ ਸਾਹਿਤਕ ਰਸਾਲਿਆਂ ਵਿਚ ਛਪਦੀਆਂ ਰਹੀਆਂ ਹਨ ਅਤੇ ਸਾਹਿਤਕ ਮਹਿਫ਼ਲਾਂ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ। ਸਾਲ 2017 ਵਿਚ ਉਨ੍ਹਾਂ ਦੀਆਂ ਗ਼ਜ਼ਲਾਂ 'ਜੱਗ ਵੇਦਨਾ ਦਾ ਆਈਨਾ' ਨਾਂ ਦੇ ਸੰਗ੍ਰਿਹ ਹੇਠ ਪ੍ਰਕਾਸ਼ਿਤ ਹੋਈਆ ਜਿਸ ਨੂੰ ਪੰਜਾਬੀ ਪਾਠਕਾਂ ਅਤੇ ਸਮੀਖਿਅਕਾਂ ਨੇ ਬਹੁਤ ਸਲਾਹਿਆ। ਸਾਫ਼-ਸੁਥਰਾ ਜੀਵਨ, ਲਾਲਸਾਵਾਂ ਦਾ ਤਿਆਗ, ਅਰਮਾਨਾਂ ਦਾ ਪ੍ਰਗਟਾਅ, ਮਾਨਵਵਾਦੀ ਵਿਚਾਰਾਂ ਦੀ ਪ੍ਰੌੜ੍ਹਤਾ ਆਦਿ ਵਿਸ਼ੇ ਉਸ ਨੇ ਗ਼ਜ਼ਲਕਾਰੀ ਵਿਚ ਨਿਪੁੰਨਤਾ ਸਹਿਤ ਪ੍ਰਗਟਾਏ ਹਨ।

### ਮਾਨ ਭਾਰਗਵ (1937-2002)

ਮਾਨ ਭਾਰਗਵ ਦਾ ਜਨਮ ਪਿੰਡ ਦ੍ਰਿੜਾਂ, ਤਹਿਸੀਲ ਪਲੰਧਰੀ ਸੁਧਨੂਤੀ, ਜ਼ਿਲ੍ਹਾ ਪੁਣਛ ਵਿਖੇ 1937 ਨੂੰ ਹੋਇਆ। ਉਸ ਦਾ ਅਸਲ ਨਾਂ ਮਾਨ ਸਿੰਘ ਸੀ ਅਤੇ ਅਦਬੀ ਨਾਂ ਮਾਨ ਭਾਰਗਵ। ਆਪਣੇ

ਜੀਵਨ ਦਾ ਬਹੁਤਾ ਸਮਾਂ ਉਸ ਨੇ ਆਰ. ਐਸ ਪੁਰਾ, ਜੰਮੂ ਵਿਖੇ ਬਤੀਤ ਕੀਤਾ। ਉਹ ਇੱਕ ਸੁਚਾਰੂ ਅਤੇ ਉਸਾਰੂ ਖ਼ਿਆਲਾਂ ਵਾਲਾ ਅਧਿਆਪਕ ਸੀ। ਖੱਬੇਪੱਖੀ ਖ਼ਿਆਲਾਂ ਵਾਲਾ ਹੋਣ ਕਰਕੇ ਉਹ ਲੰਮਾ ਸਮਾਂ ਰਿਆਸਤ ਜੰਮੂ-ਕਸ਼ਮੀਰ ਦੀਆਂ ਅਨੇਕ ਮੁਲਾਜ਼ਮ ਜੱਥੇਬੰਦੀਆਂ ਨਾਲ ਜੁੜਿਆ ਰਿਹਾ। ਜੰਮੂ-ਕਸ਼ਮੀਰ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਉੱਨਤੀ ਲਈ ਸਮੇਂ-ਸਮੇਂ ਉਲੀਕੀਆਂ ਜਾਂਦੀਆਂ ਅਨੇਕ ਯੋਜਨਾਵਾਂ ਨੂੰ ਪੂਰਾ ਕਰਨ ਵਿੱਚ ਵੀ ਉਸਦਾ ਅਹਿਮ ਯੋਗਦਾਨ ਰਿਹਾ ਹੈ। ਭਾਰਗਵ ਨੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਥਕਾਨ (1965), ਸੰਘਰਸ਼ (1972) ਅਤੇ ਵਹਿੰਦੀ ਨਦੀ ਦਾ ਸੱਚ (1987) ਤਿੰਨ ਕਾਵਿ- ਸੰਗ੍ਰਹਿ ਪਾਏ। ਅਨ੍ਹਿਆਂ ਦੇ ਵਿਰੁੱਧ ਡਟਣਾ, ਮਜ਼ਦੂਰ ਵਰਗ ਦੀ ਹੋਂਦ ਨੂੰ ਸਮਝਣਾ, ਮੱਧਵਰਗੀ ਬੰਦੇ ਦੀ ਥੁੜਾਂ ਮਾਰੀ ਜ਼ਿੰਦਗੀ ਅੰਦਰਲੀ ਤਪਸ਼, ਮਨੁੱਖ ਦੇ ਧਰਮ ਅਤੇ ਜਾਤ ਦੇ ਮਸਲਿਆਂ ਦੀ ਪੁਰਜ਼ੋਰ ਮੁਖ਼ਾਲਫ਼ਤ ਆਦਿ ਵਿਸ਼ੇ ਉਸਦੀ ਕਵਿਤਾ ਦੇ ਕੇਂਦਰ ਵਿਚ ਰਹੇ। ਅਜਿਹੇ ਸਰੋਕਾਰਾਂ ਨਾਲ ਭਰੀ ਹੋਈ ਕਵਿਤਾ ਉਸਨੂੰ ਪ੍ਰਗਤੀਵਾਦੀ ਕਵੀਆਂ ਦੀ ਸ਼੍ਰੇਣੀ ਵਿਚ ਸ਼ਾਮਿਲ ਕਰ ਦਿੰਦੀ ਹੈ। ਉਸ ਦੀ ਸਾਰੀ ਕਵਿਤਾ ਦੀ ਮੁੱਖ ਖ਼ਾਸੀਅਤ ਇਹ ਹੈ ਕਿ ਉਹ ਪ੍ਰਗਤੀਵਾਦੀ ਵਿਚਾਰਾਂ ਦਾ ਨਾਅਰਾ ਨਹੀਂ ਮਾਰਦੀ, ਸਗੋਂ ਇਕ ਵਿਚਾਰਧਾਰਾ ਦਾ ਰਾਹ ਅਖ਼ਤਿਆਰ ਕਰਦੀ ਹੋਈ ਸਮਾਜਵਾਦੀ ਰੁਚੀਆਂ ਵਾਲੇ ਸੰਸਾਰ ਦੀ ਕਾਮਨਾ ਕਰਦੀ ਹੈ। ਇਸੇ ਤਰ੍ਹਾਂ ਉਸਦੀਆਂ ਰੁਮਾਂਟਿਕ ਕਵਿਤਾਵਾਂ ਵਿਚਲਾ ਸੁਹਜ ਸਮਾਜ-ਸੱਭਿਆਚਾਰ ਮਰਿਆਦਾਵਾਂ ਦੀ ਉਲੰਘਣਾ ਨਹੀਂ ਕਰਦਾ, ਸਗੋਂ ਆਪਣੇ ਭਾਵਾਂ ਨੂੰ ਸੰਜੀਦਗੀ ਨਾਲ ਸਮੂਹਿਕ ਰੂਪ ਵਿਚ ਪ੍ਰਗਟਾਉਣ ਦਾ ਬਲ ਰੱਖਦਾ ਹੈ।

## ਜੋਗਿੰਦਰ ਸਿੰਘ ਪਾਂਧੀ

ਜੋਗਿੰਦਰ ਸਿੰਘ ਪਾਂਧੀ ਦਾ ਜਨਮ ਪਿੰਡ ਨਜੀ ਭੱਟ, ਜ਼ਿਲ੍ਹਾ ਬਾਰਾਮੂਲਾ, ਕਸ਼ਮੀਰ ਵਿੱਚ 1943 ਨੂੰ ਹੋਇਆ। ਵਕਾਲਤ ਦੀ ਉੱਚ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਉਹ ਪੁਲਿਸ ਮਹਿਕਮੇ ਵਿਚ ਸਰਕਾਰੀ ਵਕੀਲ ਰਿਹਾ ਹੈ ਅਤੇ ਬਾਅਦ ਵਿਚ ਡਾਇਰੈਕਟਰ ਪਰੋਸੀਕਿਊਸ਼ਨ ਦੇ ਅਹੁਦੇ ਤੋਂ ਸੇਵਾ ਮੁਕਤ ਹੋਇਆ। ਖੁੱਲੀ ਕਵਿਤਾ, ਗੀਤ ਅਤੇ ਗ਼ਜ਼ਲ ਲਿਖਣ ਵਿਚ ਉਨ੍ਹਾਂ ਨੂੰ ਮੁਹਾਰਤ ਹਾਸਿਲ ਹੈ। ਹੱਡੀਆਂ ਦੇ ਖੰਡਰ (1975), ਅੱਗ ਦੇ ਜੋਗੀ (1982), ਚੁਰਾਹੇ ਦਾ ਉਦਾਸ ਰੁੱਖ (1984) ਜ਼ਰਬ ਤਕਸੀਮ (1989), ਸੜਦੇ ਵਣ ਦਾ ਸੇਕ (2002), ਅੱਖਰਾਂ ਦੇ ਉਸ ਪਾਰ (2003) ਅਤੇ ਗ਼ਜ਼ਾਲਾ (2006) ਨਾਂ ਦੀਆਂ ਕਾਵਿ ਪੁਸਤਕਾਂ ਉਨ੍ਹਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਇਸੇ ਤਰ੍ਹਾਂ

ਜੋਗਿੰਦਰ ਸਿੰਘ ਪਾਂਧੀ ਨੇ ਪਰਬਤਵਾਸੀ (1999) ਅਤੇ ਮਾਂ (2015) ਨਾਂ ਦੇ ਨਾਵਲਾਂ ਦੀ ਸਿਰਜਣਾ ਵੀ ਕੀਤੀ, ਜਿਹੜੇ ਪੰਜਾਬੀ ਗਲਪ ਸਮੀਖਿਆ ਵਿਚ ਚਰਚਾ ਦਾ ਵਿਸ਼ੇ ਰਹੇ ਹਨ। ਜੋਗਿੰਦਰ ਸਿੰਘ ਪਾਂਧੀ ਦੀ ਕਾਵਿ ਚੇਤਨਾ ਜਗੀਰੂ ਕਦਰਾਂ-ਕੀਮਤਾਂ ਅਤੇ ਪੂੰਜੀਵਾਦੀ ਨਿਜ਼ਾਮ ਪ੍ਰਤੀ ਤਿੱਖਾ ਰੋਸ ਪ੍ਰਗਟ ਕਰਦੀ ਹੈ। ਉਸਦੀਆਂ ਰਚਨਾਵਾਂ ਅਤੀਤ ਅਤੇ ਵਰਤਮਾਨ ਦਾ ਪੈਂਡਾ ਤੈਅ ਕਰਦੀਆਂ ਹੋਈਆਂ ਉਜਵੱਲ ਭਵਿੱਖ ਦਾ ਪੈਗਾਮ ਦਿੰਦੀਆਂ ਹਨ। ਪਾਂਧੀ ਦੀ ਕਾਵਿ ਪ੍ਰਤੀਬੱਧਤਾ ਦਾ ਇੱਕ ਨਿਆਰਾਪਨ ਇਹ ਵੀ ਹੈ ਕਿ ਕਵਿਤਾਵਾਂ ਸ਼ੁਰੂ ਤਾਂ ਨਿੱਜਤਾ ਤੋਂ ਹੁੰਦੀਆਂ ਹਨ ਪਰ ਅੰਤਿਮ ਪੜਾਅ ਉੱਤੇ ਪਹੁੰਚ ਕੇ ਇੱਕ ਵਿਸ਼ਾਲ ਕੈਨਵਾਸ ਉੱਤੇ ਫੈਲ ਜਾਂਦੀਆਂ ਹਨ। ਉਸਦੇ ਕਾਵਿ ਪ੍ਰਬੰਧ ਵਿਚਲਾ ਵਿਚਾਰ ਬਹੁਦਿਸ਼ਾਵੀ ਅਤੇ ਕਲਾਤਮਕ ਯੋਜਨਾ ਗਹਿਰੇ ਅਰਥਾਂ ਦਾ ਧਾਰਣੀ ਹੈ।

### ਡਾ. ਕੀਰਤ ਸਿੰਘ ਇਨਕਲਾਬੀ (1946)

ਡਾ. ਕੀਰਤ ਸਿੰਘ ਇਨਕਲਾਬੀ ਦਾ ਜਨਮ ਪਿੰਡ ਭੱਟਪੁਰਾ, ਜ਼ਿਲ੍ਹਾ ਬਾਰਾਮੂਲਾ, ਕਸ਼ਮੀਰ ਵਿਖੇ 1946 ਨੂੰ ਹੋਇਆ ਅਤੇ ਅੱਜਕਲ੍ਹ ਉਹ ਸ਼੍ਰੀ ਨਗਰ, ਕਸ਼ਮੀਰ ਵਿਖੇ ਰਹਿ ਰਹੇ ਹਨ। ਉਹ ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਵਿਚੋਂ ਅਸਿਸਟੈਂਟ ਡਾਇਰੈਕਟਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ। ਦਸਤਾਵੇਜ਼ (1985), ਚਿੰਤਨ ਇੱਕ ਵਗਦਾ ਦਰਿਆ (1989), ਔਰਤ ਰੱਬ ਦਾ ਦੂਜਾ ਨਾਂ (1996) ਜ਼ਿੰਦਗੀ ਹੁਸੀਨ ਹੈ (2006) ਅਤੇ ਛਿਣ (2012) ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਨ੍ਹਾਂ ਵਿਚੋਂ ਉਨ੍ਹਾਂ ਦੇ ਕਾਵਿ ਸੰਗ੍ਰਹਿ 'ਚਿੰਤਨ ਇੱਕ ਵਗਦਾ ਦਰਿਆ' ਨੂੰ ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਗਵੇਜ਼ਿਜ, ਜੰਮੂ ਨੇ ਸਾਲ 1990 ਦੀ ਸਰਵੋਤਮ ਪੁਸਤਕ ਦਾ ਸਨਮਾਨ ਦਿੱਤਾ। ਇੰਜ ਹੀ ਉਨ੍ਹਾਂ ਦਾ ਅੰਗਰੇਜ਼ੀ ਭਾਸ਼ਾ ਵਿਚ ਲਿਖਿਆ ਬਹੁਤ ਸਾਰਾ ਸਾਹਿਤ ਵੀ ਮਿਲਦਾ ਹੈ। ਭਾਰਤੀ ਸਮਾਜ ਵਿਚ ਔਰਤ ਦੀ ਸਥਿਤੀ, ਦਲਿਤ ਅਤੇ ਦਮਿਤ ਵਰਗ ਦਾ ਸ਼ੋਸ਼ਣ, ਕਸ਼ਮੀਰ ਸੰਕਟ, ਅਵਚੇਤਨ ਮਨ ਦਾ ਪ੍ਰਗਟਾਅ ਆਦਿ ਵਿਸ਼ੇ ਉਸ ਦੀਆਂ ਕਵਿਤਾਵਾਂ ਦਾ ਕੇਂਦਰ ਬਿੰਦੂ ਮੰਨੇ ਜਾਂਦੇ ਹਨ।

### ਸੁਰਿੰਦਰ ਸਿੰਘ ਸੀਰਤ (1947)

ਸੁਰਿੰਦਰ ਸਿੰਘ ਸੀਰਤ ਦਾ ਜਨਮ 1947 ਵਿਚ ਪਿੰਡ ਸੈਦਪੁਰਾ, ਜ਼ਿਲ੍ਹਾ ਪੁਲਵਾਮਾ, ਕਸ਼ਮੀਰ ਵਿਖੇ ਹੋਇਆ। ਉਸਨੇ ਰਿਆਸਤ ਜੰਮੂ-ਕਸ਼ਮੀਰ ਦੇ ਵੱਖ-ਵੱਖ ਕਾਲਜਾਂ ਵਿਚ ਬਤੌਰ ਫ਼ਿਜਿਕਸ ਦੇ

ਅਧਿਆਪਕ ਵਜੋਂ ਸੇਵਾ ਨਿਭਾਈ ਹੈ ਅਤੇ ਇਸ ਸਮੇਂ ਉਹ ਅਮਰੀਕਾ ਵਿਚ ਰਹਿ ਰਿਹਾ ਹੈ। ਪਹਿਲਾਂ-ਪਹਿਲ ਉਸ ਨੇ ਖੁੱਲ੍ਹੀ ਕਵਿਤਾ ਅਤੇ ਆਪਣੇ ਚੌਗਿਰਦੇ ਵਿਚ ਫੈਲੀਆਂ ਬੁਰਾਈਆਂ ਨੂੰ ਆਪਣੀ ਕਾਵਿ ਸੰਵੇਦਨਾ ਰਾਹੀਂ ਉਜਾਗਰ ਕੀਤਾ। ਉਸਦੀ ਸ਼ਬਦਾਵਲੀ ਸੰਕੋਚਵੀਂ ਹੈ ਜੋ ਡੂੰਘੇ ਅਰਥਾਂ ਦੀ ਹੀ ਪ੍ਰਤੀਤੀ ਕਰਵਾਉਂਦੀ ਹੈ। ਸੁਰਿੰਦਰ ਸਿੰਘ ਸੀਰਤ ਨੂੰ ਪੰਜਾਬੀ ਗ਼ਜ਼ਲ ਦਾ ਉਸਤਾਦ ਸ਼ਾਇਰ ਮੰਨਿਆ ਜਾਂਦਾ ਹੈ। ਪਦਾਰਥਵਾਦੀ ਰੁਚੀਆਂ ਵਿਚ ਗਲਤਾਨ ਹੋਏ ਮਨੁੱਖ ਦੀ ਵੇਦਨਾ ਅਤੇ ਨਿੱਜ ਦੇ ਅਤਿ ਸੂਖਮ ਪਹਿਲੂਆਂ ਦਾ ਪ੍ਰਗਟਾਅ ਉਸ ਦੇ ਕਾਵਿ-ਪ੍ਰਬੰਧ ਦਾ ਅਹਿਮ ਹਾਸਿਲ ਹੈ। ਜਿਸ ਵਿਚੋਂ ਉਸ ਦੇ ਜੀਵਨ ਦਾ ਯਥਾਰਥਕ ਬੋਧ ਅਤੇ ਆਤਮ ਮੰਥਨ ਮੂਰਤੀਮਾਨ ਹੁੰਦਾ ਹੈ। ਉਸ ਨੇ ਛੱਲਾਂ (1980) ਖਲਾਅ 'ਚ ਟੰਗੇ ਹਰਫ਼ (1985) ਕਰਦਾਂ (1989) ਕੱਕਰ-ਕੰਢੇ (1992) ਸੂਰਤ, ਸੀਰਤ ਅਤੇ ਸ਼ਰਾਬ (2002) ਸੇਜ਼, ਸੂਲੀ ਤੇ ਸਲੀਬ (2007) ਅਤੇ ਅਰੂਪੇ ਅੱਖਰਾਂ ਦਾ ਅਕਸ (2014) ਕਾਵਿ ਪੁਸਤਕਾਂ ਸਿਰਜ ਕੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ। ਇਸ ਤੋਂ ਇਲਾਵਾ ਸੁਰਿੰਦਰ ਸਿੰਘ ਸੀਰਤ ਨੇ ਇਕ ਨਾਵਲ ਭਰਮ-ਭੁਲੱਈਆਂ (1986) ਵੀ ਲਿਖਿਆ।

### ਅਜੀਤ ਸਿੰਘ ਮਸਤਾਨਾ (1947)

ਅਜੀਤ ਸਿੰਘ ਮਸਤਾਨਾ ਦਾ ਜਨਮ ਦਾਲਾਵਾਸ਼ੀ, ਜ਼ਿਲ੍ਹਾ ਬਡਗਾਮ, ਕਸ਼ਮੀਰ ਵਿਖੇ ਹੋਇਆ। ਕੇਸਰ ਛਿੱਟਾਂ (1994), ਜਿਹਲਮ ਕੰਢੇ (2003), ਅਵੱਲਾ ਜ਼ਖਮ (2013) ਅਤੇ ਸੂਲੀ ਟੰਗੇ ਅਲਫ਼ਾਜ਼ (2017) ਉਨ੍ਹਾਂ ਦੇ ਚਾਰ ਮਹੱਤਵਪੂਰਨ ਕਾਵਿ-ਸੰਗ੍ਰਿਹ ਹਨ। ਕੁਦਰਤ ਪਿਆਰ, ਕਸ਼ਮੀਰ ਸੰਕਟ, ਆਦਰਸ਼ਕ ਸਮਾਜ ਦੀ ਸਿਰਜਣਾ, ਧਾਰਮਿਕ ਫ਼ਿਰਕਾਪ੍ਰਸਤੀ ਦਾ ਵਿਰੋਧ, ਰਾਜਸੀ ਅਰਾਜਕਤਾ ਆਦਿ ਮਹੱਤਵਪੂਰਨ ਵਿਸ਼ੇ ਉਸ ਦੀ ਕਾਵਿ-ਸੰਵੇਦਨਾ ਵਿਚ ਸੰਜੀਦਗੀ ਸਹਿਤ ਪ੍ਰਗਟਾਏ ਮਿਲਦੇ ਹਨ। ਅਜੀਤ ਸਿੰਘ ਮਸਤਾਨਾ ਦੇ ਕਾਵਿ ਸੰਗ੍ਰਹਿ 'ਕੇਸਰ ਛਿੱਟਾਂ' ਨੂੰ ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ ਨੇ ਸਰਵੋਤਮ ਪੁਸਤਕ ਦਾ ਪੁਰਸਕਾਰ ਪ੍ਰਦਾਨ ਕੀਤਾ ਅਤੇ ਹੋਰ ਵੱਖ-ਵੱਖ ਸਾਹਿਤ ਸਭਾਵਾਂ ਵੱਲੋਂ ਉਨ੍ਹਾਂ ਦੀਆਂ ਰਚਨਾਵਾਂ ਨੂੰ ਇਨਾਮ ਅਤੇ ਸਨਮਾਨ ਮਿਲ ਚੁੱਕੇ ਹਨ।

### ਨਿਰਮਲ ਵਿਨੋਦ (1950)

ਨਿਰਮਲ ਵਿਨੋਦ ਦਾ ਜਨਮ ਜੰਮੂ ਵਿਖੇ 1950 ਨੂੰ ਹੋਇਆ। ਹਿੰਦੀ ਵਿਸ਼ੇ ਵਿਚ ਪੀ. ਐਚ.

ਡੀ ਦੀ ਡਿਗਰੀ ਪ੍ਰਾਪਤ ਕਰਨ ਵਾਲੇ ਨਿਰਮਲ ਵਿਨੋਦ ਹਿੰਦੀ, ਡੋਗਰੀ, ਪੰਜਾਬੀ, ਅੰਗਰੇਜ਼ੀ ਭਾਸ਼ਾਵਾਂ ਦੇ ਗਿਆਤਾ ਹਨ। ਇਹ ਵਿਦਵਤਾ ਹੀ ਉਨ੍ਹਾਂ ਨੂੰ ਬਹੁ-ਵਿਧਾਵੀ ਅਤੇ ਬਹੁ-ਭਾਸ਼ਾਈ ਸਾਹਿਤਕਾਰ ਹੋਣ ਦਾ ਮਾਣ ਬਖਸ਼ਦੀ ਹੈ। ਉਹ ਅਨੇਕ ਸਾਹਿਤ ਸਭਾਵਾਂ ਅਤੇ ਸਮਾਜਸੇਵੀ ਜੱਥੇਬੰਦੀਆਂ ਦੇ ਪ੍ਰਬੰਧਕੀ ਅਤੇ ਸਲਾਹਕਾਰ ਬੋਰਡ ਦੇ ਮੈਂਬਰ ਹਨ। ਇੱਕ ਨਿਪੁੰਨ ਸਾਹਿਤਕਾਰ ਹੋਣ ਦੇ ਨਾਲ-ਨਾਲ ਉਹ ਚੰਗੇ ਅਨੁਵਾਦਕ ਅਤੇ ਸੰਪਾਦਕ ਵੀ ਹਨ ਜਿਸ ਸਦਕਾ ਉਨ੍ਹਾਂ ਅਨੇਕ ਮੁੱਲਵਾਨ ਪੁਸਤਕਾਂ ਪਾਠਕਾਂ ਦੇ ਰੂ-ਬ- ਰੂ ਕੀਤੀਆਂ। ਬਿਨਾਂ ਨਗੀਨੇ ਮੁੰਦਰੀ (2019) ਛਪਿਆ ਉਨ੍ਹਾਂ ਦਾ ਪਹਿਲਾ ਪੰਜਾਬੀ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਬਹੁ-ਵੰਨਗੀ, ਬਹੁ-ਭਾਤੀ ਹਨ। ਦੇਸ਼ ਦੇ ਰਾਜਨੀਤਿਕ ਅਤੇ ਧਾਰਮਿਕ ਆਗੂਆਂ ਦਾ ਭ੍ਰਿਸ਼ਟ ਸਰੂਪ, ਨਾਰੀ ਦੀ ਦੁੱਖਦਾਈ ਸਥਿਤੀ, ਸੱਚ ਅਤੇ ਪਹਿਰਾ ਦੇਣ ਦੀ ਪੁਰਜ਼ੋਰ ਅਪੀਲ, ਮਾੜੇ ਦੌਰ ਵਿਚ ਕਵਿਤਾ ਦੀ ਭੂਮਿਕਾ ਆਦਿ ਵਿਸ਼ੇ ਉਨ੍ਹਾਂ ਦੀ ਕਾਵਿ-ਕਲਾ ਦੇ ਹਿੱਸੇ ਹਨ

**ਇੱਛੂਪਾਲ (1951-2021)**

ਇੱਛੂਪਾਲ ਦਾ ਜਨਮ 1951 ਵਿਚ ਰਾਮਬਾਗ, ਸ੍ਰੀਨਗਰ, ਕਸ਼ਮੀਰ ਵਿਖੇ ਹੋਇਆ ਅਤੇ ਇੱਥੇ ਹੀ ਸਾਰੀ ਵਿੱਦਿਆ ਹਾਸਿਲ ਕੀਤੀ। ਉਨ੍ਹਾਂ ਨੇ ਜੰਮੂ-ਕਸ਼ਮੀਰ ਵਿਚ ਕਲਰਕ ਦੀ ਨੌਕਰੀ ਕੀਤੀ। 1991 ਵਿਚ ਉਹ ਜੰਮੂ-ਕਸ਼ਮੀਰ ਅਕਾਡਮੀ ਆਫ਼ ਆਰਟ, ਕਲਚਰ ਐਂਡ ਲੈਂਗੁਵੇਜਿਜ਼ ਵਿਚ ਪੰਜਾਬੀ ਰਿਸਰਚ ਅਸਿਸਟੈਂਟ ਦੇ ਤੌਰ ਉੱਤੇ ਨਿਯੁਕਤ ਹੋਏ ਅਤੇ ਬਾਦ ਵਿਚ ਇਸੇ ਸੰਸਥਾ ਵਿੱਚ ਸੰਪਾਦਕ ਸ਼ੀਰਾਜ਼ਾ ਪੰਜਾਬੀ ਦੇ ਅਹੁਦੇ ਤੋਂ 2009 ਵਿਚ ਸੇਵਾ ਮੁਕਤ ਹੋਏ। ਆਪਣੀ-ਆਪਣੀ ਜੂਹ (2000), ਅੱਥਰੇ ਘੋੜੇ ਵਾਂਗ (2006), ਘਰ ਪਰਤਣ ਤੇ (2009), ਜਦੋਂ ਪਰਿੰਦੇ ਘਰ ਪਰਤਣਗੇ (2011), ਤਰਕਾਲਾਂ ਦੀਆਂ ਆਵਾਜ਼ਾਂ (2012), ਉਹਲਾ (2013) ਅਤੇ ਵਸਲ ਦੀ ਖਿੱਚ (2015) ਅਤੇ ਬਦਾਮਾਂ ਦੀ ਫੁੱਲਕੇਰੀ (2021) ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿੱਤੇ। ਮੱਧ ਵਰਗ ਦੀਆਂ ਇੱਛਾਵਾਂ, ਕਸ਼ਮੀਰ ਸੰਕਟ, ਅਸਤਿਤਵੀ ਸੰਕਟ, ਰਿਸ਼ਤਿਆਂ ਵਿਚਲੇ ਤਣਾਅ, ਨਾਰੀ ਸਮੱਸਿਆ ਆਦਿ ਵਿਸ਼ੇ ਉਸ ਦੀਆਂ ਕਵਿਤਾਵਾਂ ਵਿਚ ਨਵੇਕਲੇ ਢੰਗ ਨਾਲ ਪ੍ਰਗਟਾਏ ਮਿਲਦੇ ਹਨ। ਇਸੇ ਤਰ੍ਹਾਂ ਉਨ੍ਹਾਂ ਨੇ ਤਨਾਵਾਂ (1980) ਪੰਜ ਮਰਲੇ ਜ਼ਮੀਨ (1987) ਦਾਇਰੇ ਵਿਚਕਾਰਲਾ ਦਾਇਰਾ (1990) ਸੱਚ ਕਿੱਥੇ ਹੈ....? (1990), ਪਰ ਫੇਰ ਵੀ (1992), ਆਪਣੇ ਹਿੱਸੇ ਦਾ ਸੱਚ (1999), ਇਕ

ਨਸ਼ਤਰ ਹੋਰ (2001) ਗੁਮਰਾਹ ਪਾਂਧੀ (2015) ਆਦਿ ਕਹਾਣੀ-ਸੰਗ੍ਰਹਿ ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਵੱਖਰਾ ਮੁਕਾਮ ਰੱਖਦੇ ਹਨ।

**ਦੇਵਿੰਦਰ ਸਿੰਘ ਵਿਸ਼ਵਨਾਗਰਿਕ (1951)**

ਦੇਵਿੰਦਰ ਸਿੰਘ ਵਿਸ਼ਵਨਾਗਰਿਕ ਦਾ ਜਨਮ ਜੰਮੂ ਵਿਖੇ 1951 ਨੂੰ ਹੋਇਆ। ਬਾਰ੍ਹਵੀਂ ਕਰਨ ਉੱਪਰੰਤ ਉਹ ਐਮ.ਈ.ਐਸ ਵਿਚ ਭਰਤੀ ਹੋ ਗਿਆ। ਇੱਜ਼ਤ ਦਾ ਸਵਾਲ (1984), ਸੱਚ ਦੇ ਰੂਬਰੂ (1984), ਪੋਹ ਦੀ ਪੁਨਿਆਂ (1984), ਕੈਦੀ ਅਰਜਨ ਸਿੰਘ (1988), ਅਤੀਤ ਇਕ ਦਰਪਣ (1988) ਸਾਹਿਤਕ ਸਮੇਲਣ (1988), ਸਮਝੌਤਾ (1988), ਉਲਟੀ ਵਾੜ (1988), ਰਬ ਦੀ ਬੈਠਕ (1990) ਅਤੇ ਕਾਹਦੇ ਨਿਸ਼ਾਨ (1990), ਉਨ੍ਹਾਂ ਦੀਆਂ ਮਹੱਤਵਪੂਰਨ ਨਾਟ-ਪੁਸਤਕਾਂ ਹਨ। 2011 ਵਿਚ ਇਹ ਸਾਰੇ ਨਾਟਕ 'ਇਜ਼ਤ ਦਾ ਸਵਾਲ' ਅਤੇ 'ਉਲਟੀ ਵਾੜ' ਨਾਂ ਦੀਆਂ ਪੁਸਤਕਾਂ ਵਿਚ ਪ੍ਰਕਾਸ਼ਿਤ ਹੋਏ ਹਨ। ਆਪਣਾ ਘਰ ਆਪਣੀ ਜ਼ਮੀਨ (2016) ਅਤੇ ਕਥਾ ਅਜਬ ਦੇਸ਼ ਦੀ (2016) ਵੀ ਉਨ੍ਹਾਂ ਦੀਆਂ ਦੋ ਨਾਟ-ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇੰਜ ਹੀ ਉਨ੍ਹਾਂ ਪੁਨਰ ਸੰਗਠਨ (1987) ਅਤੇ 'ਸ਼ਬਦ-ਸ਼ਬਦ ਜ਼ਿੰਦਗੀ' (2013) ਆਦਿ ਕਾਵਿ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਸਾਲ 2016 ਵਿੱਚ ਉਨ੍ਹਾਂ ਦੇ ਕਾਵਿ-ਸੰਗ੍ਰਹਿ 'ਸ਼ਬਦ-ਸ਼ਬਦ ਜ਼ਿੰਦਗੀ' ਨੂੰ ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ ਨੇ ਸਰਵੋਤਮ ਪੁਸਤਕ ਲਈ ਚੁਣਿਆ ਅਤੇ ਪੁਰਸਕਾਰ ਦਿੱਤਾ। ਜੀਵਨ ਦਾ ਇਕ ਵੱਡਾ ਅਨੁਭਵ ਉਨ੍ਹਾਂ ਦੇ ਕਾਵਿ ਵਿਸ਼ਿਆਂ ਵਿਚੋਂ ਉਭਰਦਾ ਹੈ। ਜ਼ਿੰਦਗੀ ਦੀਆਂ ਸੂਖਮ ਤੰਦਾਂ ਤੋਂ ਲੈ ਕੇ ਅੰਤਰਾਸ਼ਟਰੀ ਪੱਧਰ ਦੇ ਮਸਲਿਆਂ ਨੂੰ ਕਾਵਿ-ਬੋਧ ਦਾ ਹਿੱਸਾ ਬਣਾਉਣਾ ਉਨ੍ਹਾਂ ਦੀ ਕਾਵਿ-ਕਲਮ ਦਾ ਮਹੱਤਵਪੂਰਨ ਹਿੱਸਾ ਹੈ।

**ਡਾ. ਮੋਨੋਜੀਤ**

ਡਾ. ਮੋਨੋਜੀਤ ਦਾ ਜਨਮ 1951 ਵਿਚ ਜੰਮੂ ਵਿਖੇ ਹੋਇਆ। ਉਹ ਪੇਸ਼ੇ ਵਜੋਂ ਇਕ ਮੈਡੀਕਲ ਡਾਕਟਰ ਹਨ। ਜੀ. ਜੀ ਐਮ. ਸਾਇੰਸ ਕਾਲਜ, ਜੰਮੂ ਵਿਚ ਪੜ੍ਹਦਿਆਂ ਉਹ 'ਤਵੀ' ਨਾਂ ਦੇ ਸਾਹਿਤਕ ਰਸਾਲੇ ਦੇ ਪੰਜਾਬੀ ਸੈਕਸ਼ਨ ਲਈ ਵਿਦਿਆਰਥੀ ਸੰਪਾਦਕ ਵਜੋਂ ਚੁਣੇ ਗਏ। ਕਾਲਜ ਦੀਆਂ ਅਜਿਹੀਆਂ ਸਾਹਿਤਕ ਗਤੀਵਿਧੀਆਂ ਨੇ ਹੀ ਡਾ. ਮੋਨੋਜੀਤ ਨੂੰ ਸਾਹਿਤ ਪੜ੍ਹਨ ਅਤੇ ਲਿਖਣ ਵੱਲ ਤੋਰਿਆ। ਉਨ੍ਹਾਂ ਇਕ ਕਹਾਣੀ ਸੰਗ੍ਰਹਿ ਦੂਜੀ ਕਵਿਤਾ (1984), ਇਕ ਸਫ਼ਰਨਾਮਾ 'ਅਮਰੀਕਾ ਅੱਖੀਂ ਡਿੱਠਾ'

(2021), ਸੱਤ ਵਿਅੰਗ ਸੰਗ੍ਰਹਿ ਇੰਸਾਫ਼ ਦੀ ਡਗਰ ਪੇ..? (1987) ਬਸ ਦੋ ਹੀ ਕਾਫ਼ੀ (1990), ਜੇ ਬੁਰਾ ਨਾ ਮੰਨੋ ਤਾਂ ...(1998), ਰਾਸ਼ਟਰ ਦੇ ਨਾਂ ਸੰਦੇਸ਼ (2004) ਸੱਭੇ ਗੱਲਾਂ ਖੋਟੀਆਂ (2013), ਤੇਰੇ ਫ਼ੇਸ ਦੀ ਬੁੱਕ ਲੈ ਬੈਠਾਂ (2015) ਅਤੇ ਡੰਡਾਂ ਊਂਚਾ ਰਹੇ ਹਮਾਰਾ (2019) ਅਤੇ ਅਨੇਕ ਅਨੁਵਾਦ ਪੁਸਤਕਾਂ ਪੰਜਾਬੀ ਪਾਠਕ-ਜਗਤ ਨੂੰ ਦਿੱਤੀਆਂ। ਇਨ੍ਹਾਂ ਵਿਚੋਂ ਉਨ੍ਹਾਂ ਦੇ ਵਿਅੰਗ-ਸੰਗ੍ਰਹਿ 'ਸੱਭੇ ਗੱਲਾਂ ਖੋਟੀਆਂ' ਨੂੰ ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ ਨੇ ਸਾਲ 2015 ਦੀ ਸਰਵੋਤਮ ਪੁਸਤਕ ਦਾ ਸਨਮਾਨ ਦਿੱਤਾ। ਇੰਜ ਹੀ ਉਨ੍ਹਾਂ ਤਿੰਨ ਕਾਵਿ-ਪੁਸਤਕਾਂ ਸਿਫ਼ਰ ਤੋਂ ਅੱਗੇ (2015), ਕਵਿਤਾ ਮੇਰੇ ਜਿਹੀ (2018) ਅਤੇ ਇਵੇਂ ਮਰਦਾ ਹੈ ਵਿਚਾਰ (2021) ਪੰਜਾਬੀ ਪਾਠਕਾਂ ਦੇ ਸਨਮੁਖ ਕੀਤੀਆਂ। ਡਾ. ਮੋਨੋਜੀਤ ਦੀਆਂ ਕਾਵਿ-ਰਚਨਾਵਾਂ ਰਾਜਸੀ ਵਿਵਸਥਾ ਦੇ ਖੋਖਲੇਪਣ, ਕਸ਼ਮੀਰ ਸੰਕਟ, ਆਧੁਨਿਕ ਮਨੁੱਖ ਦਾ ਕੁਦਰਤ ਨਾਲੋਂ ਟੁੱਟਣਾ, ਗ਼ੁਰਬਤ ਹੰਢਾ ਰਹੀ ਨੌਜਵਾਨ ਪੀੜ੍ਹੀ, ਪਿਆਰ ਆਦਿ ਵਿਸ਼ਿਆਂ ਨੂੰ ਬਾਖ਼ੂਬੀ ਪ੍ਰਗਟਾਉਂਦੀਆਂ ਹਨ।

## ਸੁਰਜੀਤ ਸਖੀ (1952)

ਸੁਰਜੀਤ ਸਖੀ ਦਾ ਜਨਮ ਹਰਿਆਣਾ ਪ੍ਰਾਂਤ ਦੇ ਪਿੰਡ ਵਿਖੇ 1952 ਵਿੱਚ ਹੋਇਆ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿੱਚ ਉਹ ਵਿਆਹ ਬੰਧਨ ਵਿੱਚ ਬੱਝਕੇ ਜੰਮੂ-ਕਸ਼ਮੀਰ ਪ੍ਰਾਂਤ ਦੇ ਪਿੰਡ ਸਿੰਬਲ, ਤਹਿਸੀਲ ਆਰ. ਐਸ. ਪੁਰਾ, ਜ਼ਿਲ੍ਹਾ ਜੰਮੂ ਦੀ ਵਸਨੀਕ ਬਣ ਗਈ ਅਤੇ ਲੰਮਾ ਸਮਾਂ ਇੱਥੇ ਹੀ ਰਹੀ। ਪਰ ਅੱਜਕਲ੍ਹ ਉਹ ਅਮਰੀਕਾ ਵਿੱਚ ਰਹਿ ਰਹੀ ਹੈ। ਕਿਰਨਾਂ (1979), ਅੰਗੂਠੇ ਦਾ ਨਿਸ਼ਾਨ (1985), ਜਵਾਬੀ ਖ਼ਤ (1989) ਆਦਿ ਕਾਵਿ-ਸੰਗ੍ਰਹਿ ਉਨ੍ਹਾਂ ਪੰਜਾਬੀ ਸਾਹਿਤ ਨੂੰ ਪ੍ਰਦਾਨ ਕੀਤੇ। ਸ਼ੁਰੂਆਤੀ ਦੌਰ ਵਿਚ ਸੁਖਜੀਤ ਸਖੀ ਨੇ ਤੁਕਾਂਤਕ ਅਤੇ ਤੁਕਾਂਤ ਰਹਿਤ ਵੰਨਗੀ ਦੀਆਂ ਕਵਿਤਾ ਲਿਖੀਆਂ ਅਤੇ ਬਾਅਦ ਵਿਚ ਬਿਰਤਾਂਤਕ ਕਵਿਤਾ ਅਤੇ ਗ਼ਜ਼ਲ ਸਾਹਿਤ ਰੂਪ ਨੂੰ ਵੀ ਪੂਰੀ ਨਿਪੁੰਨਤਾ ਸਹਿਤ ਨਿਭਾਇਆ। ਉਸ ਦੀਆਂ ਨਜ਼ਮਾਂ ਅਤੇ ਗ਼ਜ਼ਲਾਂ ਬਹੁਭਾਂਤੀ ਵਿਸ਼ਿਆਂ ਨੂੰ ਟੁੰਬਦੀਆਂ ਹਨ। ਉਸ ਦੀ ਕਵਿਤਾ ਵਿਚ ਅਤੀਤ ਦੀਆਂ ਕੌੜੀਆ-ਮਿੱਠੀਆਂ ਯਾਦਾਂ, ਵਰਤਮਾਨ ਵਿਚ ਜਿਊਣ ਦੀ ਤਾਂਘ ਅਤੇ ਉਜਵੱਲ ਭਵਿੱਖ ਦੀ ਮਨਸਾ ਉਤਪ੍ਰੋਤ ਹੈ ਜਿਹੜੀ ਉਸ ਦੇ ਕਾਵਿ-ਖ਼ਿਆਲਾਂ ਨੂੰ ਖੰਭ ਲਗਾ ਉਡਣ ਦਾ ਬਲ ਦਿੰਦੀ ਹੈ। ਇੰਜ ਹੀ ਸਮਾਜਿਕ ਬੰਦਸ਼ਾਂ, ਰਾਜਨੀਤੀ ਵਿਚਲੇ ਗੰਧਲੇਪਣ ਅਤੇ ਸੱਭਿਆਚਾਰਕ ਮਰਿਆਦਾਵਾਂ ਦੇ ਇਕ ਪਾਸੜ ਰਵੱਈਏ ਨੂੰ ਉਜਾਗਰ ਕਰਨਾ ਉਸਦੀ ਕਾਵਿ ਸੰਵੇਦਨਾ ਦੀ ਇਕ

ਮਹੱਤਵਪੂਰਨ ਪ੍ਰਾਪਤੀ ਹੈ।

## ਬਲਜੀਤ ਸਿੰਘ ਰੈਨਾ (1958)

ਬਲਜੀਤ ਸਿੰਘ ਰੈਨਾ ਦਾ ਜਨਮ ਪਿੰਡ ਨਾਨਕ ਚੱਕ, ਜ਼ਿਲ੍ਹਾ ਕਠੂਆ ਵਿਖੇ 1958 ਵਿੱਚ ਹੋਇਆ। ਅੱਜ ਕੱਲ ਉਹ ਜੰਮੂ ਵਿਚ ਰਹਿ ਰਹੇ ਹਨ। ਰੈਨਾ ਬਹੁ-ਵਿਧਾਵੀ ਸਾਹਿਤਕਾਰ ਹੈ। ਪੰਜਾਬੀ ਕਾਵਿ ਸਾਹਿਤ ਨੂੰ ਉਸ ਨੇ ਜਿਉਣ ਲਈ (1987), ਮੈਨੂੰ ਇਵੇਂ ਹੀ ਪਿਆਰ ਕਰ (2000) ਤੀਜੀ ਅੱਖ ਦਾ ਨਾਂ (2005) ਅਤੇ ਮੇਰੇ ਇਹ ਸ਼ਬਦ ਸ਼ਕਤੀ ਨੇ... (2017) ਚਾਰ ਬਹੁਮੁੱਲੇ ਕਾਵਿ ਸੰਗ੍ਰਹਿ ਦਿੱਤੇ ਹਨ। ਇਸੇ ਤਰ੍ਹਾਂ ਉਸ ਨੇ ਇਕ ਜਮ੍ਹਾਂ ਦੋ ਮਨਫ਼ੀ (1985), ਘਰ ਪਰਤ ਰਿਹਾ ਆਦਮੀ (1989), ਮਿੱਠੀ ਮਿੱਠੀ ਚੋਭ (1991), ਅਜੀਬ ਆਦਮੀ (1991) ਜਾਇਜ਼-ਨਜਾਇਜ਼ (1991), ਕਥਾ ਅਜਬ ਦੇਸ਼ ਦੀ (1997) ਅਤੇ ਸੁਧੀਸ਼ ਪਚੌਰੀ ਨੇ ਕਿਹਾ ਸੀ (2009) ਅੱਠ ਕਹਾਣੀ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਏ। ਇਨ੍ਹਾਂ ਵਿਚੋਂ ਉਨ੍ਹਾਂ ਦੇ ਕਹਾਣੀ-ਸੰਗ੍ਰਹਿ 'ਸੁਧੀਸ਼ ਪਚੌਰੀ ਨੇ ਕਿਹਾ ਸੀ' ਨੂੰ ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ ਨੇ ਸਾਲ 2010 ਦੀ ਸਰਵੋਤਮ ਪੁਸਤਕ ਦਾ ਸਨਮਾਨ ਦਿੱਤਾ। ਪੰਜਾਬੀ ਗਲਪ ਦੀ ਵਿਧਾ ਨਾਵਲੈੱਟ ਉੱਤੇ ਵੀ ਉਸਨੇ ਆਪਣੀ ਕਲਮ ਚਲਾਈ ਜਿਸ ਸਦਕਾ 'ਯਥਾਰਥ' (1987) ਅਤੇ ਕੋਈ ਤੇਰੇ ਵਰਗੀ (1988) ਮੁੱਲਵਾਨ ਰਚਨਾਵਾਂ ਹੋਂਦ ਵਿਚ ਆਈਆਂ। ਰਿਆਸਤੀ ਪੰਜਾਬੀ ਨਾਟ ਪਰੰਪਰਾ ਨੂੰ ਪ੍ਰਫੁੱਲਿਤ ਕਰਨ ਵਿਚ ਵੀ ਉਸ ਦਾ ਅਹਿਮ ਰੋਲ ਸੀ। ਛੋਟੇ ਵੱਡੇ ਰਸਤੇ, ਉਜੜੇ ਆਲ੍ਹਣੇ ਦੇ ਪੰਛੀ, ਗੁਮਰਾਹ, ਘਰ-ਪਰਿਵਾਰ, ਦੇਰਾਣੀ-ਜੇਠਾਣੀ, ਹਾਟ-ਸਪ੍ਰਿੰਗ, (1959) ਅਤੇ ਮੇਰਾ ਕੀ ਕਸੂਰ ਹੈ; ਨਾਟ ਰਚਨਾਵਾਂ ਪਾਠ ਅਤੇ ਮੰਚ ਦੇ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਹਨ। ਇੰਝ ਹੀ ਉਸਨੇ ਅਨੇਕ ਟੈਲੀ-ਫ਼ਿਲਮਾਂ ਅਤੇ ਟੈਲੀ ਸੀਰੀਅਲਾਂ ਅਤੇ ਡਾਕੂਮੈਂਟਰੀਜ਼ ਦਾ ਲੇਖਨ ਅਤੇ ਨਿਰਦੇਸ਼ਨ ਵੀ ਕੀਤਾ। ਰੈਨਾ ਲਗਭਗ ਦੋ ਦਹਾਕਿਆਂ ਤੋਂ ਵੱਧ 'ਆਬਰੂ' ਨਾਂ ਦੇ ਸਾਹਿਤ ਰਸਾਲੇ ਨੂੰ ਸੰਪਾਦਿਤ ਕਰ ਰਿਹਾ ਹੈ ਅਤੇ ਮੁੱਲਵਾਨ ਪੁਸਤਕਾਂ ਦੇ ਅਨੁਵਾਦ ਵਿਚ ਤਨਦੇਹੀ ਨਾਲ ਜੁਟਿਆ ਹੋਇਆ ਹੈ।

## ਸੁਰਿੰਦਰ ਨੀਰ (1965)

ਸੁਰਿੰਦਰ ਨੀਰ ਦਾ ਅਸਲ ਨਾਂ ਸੁਰਿੰਦਰ ਕੌਰ ਹੈ। ਉਨ੍ਹਾਂ ਦਾ ਜਨਮ 1965 ਨੂੰ ਪਿੰਡ ਕੰਗਰੂਲਾ, ਤਹਿਸੀਲ ਤਰਾਲ, ਜ਼ਿਲ੍ਹਾ ਪੁਲਵਾਮਾ, ਕਸ਼ਮੀਰ ਵਿਖੇ ਹੋਇਆ। ਵਿਆਹ ਦੇ ਬੰਧਨ ਵਿਚ

ਬੱਝਣ ਤੋਂ ਬਾਦ ਉਹ ਜੰਮੂ ਦੇ ਵਸਨੀਕ ਬਣ ਗਏ। ਸਾਹਿਤ ਸਿਰਜਣਾ ਦੇ ਨਾਲ-ਨਾਲ ਉਹ ਜੰਮੂ-ਕਸ਼ਮੀਰ ਦੇ ਜੰਗਲਾਤ ਵਿਭਾਗ ਵਿਚ ਸੇਵਾਵਾਂ ਵੀ ਨਿਭਾ ਰਹੇ ਹਨ। ਉਨ੍ਹਾਂ ਨੇ ਦਸਤਕ ਦੀ ਉਡੀਕ (2002) ਅਤੇ ਖੁੱਲ੍ਹ ਜਾ ਸਿਮਸਿਮ (2009) ਨਾਂ ਦੇ ਦੋ ਕਹਾਣੀ ਸੰਗ੍ਰਿਹਾਂ ਦੀ ਸਿਰਜਣਾ ਕੀਤੀ। ਸ਼ਿਕਾਰਗਾਹ (2010), ਮਾਇਆ (2013) ਅਤੇ ਚਸ਼ਮਿ ਬੁਲਬੁਲ (2020) ਉਨ੍ਹਾਂ ਦੇ ਤਿੰਨ ਮਹੱਤਵਪੂਰਨ ਨਾਵਲ ਹਨ। ਸ਼ਿਕਾਰਗਾਹ ਅਤੇ ਚਸ਼ਮਿ ਬੁਲਬੁਲ ਨਾਵਲੀ ਰਚਨਾਵਾਂ ਜਿੱਥੇ ਕਸ਼ਮੀਰ ਦੀ ਆਂਚਲਿਕਤਾ ਨੂੰ ਭਾਵਪੂਰਨ ਢੰਗ ਨਾਲ ਚਿਤਰਦੀਆਂ ਹਨ, ਉੱਥੇ ਕਸ਼ਮੀਰ ਦੇ ਸੰਕਟ ਦੇ ਕਾਰਨਾਂ ਅਤੇ ਪ੍ਰਭਾਵਾਂ ਨੂੰ ਸਮਝਣ ਦਾ ਮੁੱਲਵਾਨ ਦਸਤਾਵੇਜ਼ ਵੀ ਹਨ। 'ਮਾਇਆ' ਸੁਰਿੰਦਰ ਨੀਰ ਦੀ ਨਾਰੀਵਾਦੀ ਸਰੋਕਾਰਾਂ ਨੂੰ ਪੇਸ਼ ਕਰਨ ਵਾਲੀ ਵੱਡਕਾਰੀ ਨਾਵਲੀ ਰਚਨਾ ਹੈ। ਉਨ੍ਹਾਂ ਦੇ ਨਾਵਲ 'ਸ਼ਿਕਾਰਗਾਹ' ਨੂੰ ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ ਨੇ ਸਾਲ 2012 ਦੀ ਸਰਵੋਤਮ ਪੁਸਤਕ ਦਾ ਸਨਮਾਨ ਦਿੱਤਾ। ਇੰਜ ਹੀ ਉਨ੍ਹਾਂ ਦੀਆਂ ਅਨੇਕ ਕਵਿਤਾਵਾਂ ਵੱਖ-ਵੱਖ ਸਾਹਿਤਕ ਰਸਾਲਿਆਂ ਅਤੇ ਪੁਸਤਕਾਂ ਵਿਚ ਛਪ ਚੁੱਕੀਆਂ ਹਨ। ਭਾਰਤੀ ਸਮਾਜ ਵਿਚ ਔਰਤ ਦੀ ਸਥਿਤੀ, ਕਸ਼ਮੀਰ ਸੰਕਟ, ਅੰਤਰੀਵੀ ਭਾਵਾਂ ਦਾ ਗੂੜ ਮੰਥਨ, ਸਮਾਜਿਕ ਯਥਾਰਥ ਨੂੰ ਨੰਗਾ ਕਰਨਾ ਆਦਿ ਵਿਸ਼ੇ ਉਨ੍ਹਾਂ ਦੀਆਂ ਕਵਿਤਾਵਾਂ ਦੇ ਕੇਂਦਰ ਬਿੰਦੂ ਹਨ। ਇੰਜ ਸੁਰਿੰਦਰ ਨੀਰ ਦੁਆਰਾ ਰਚਿਤ ਸਾਹਿਤ ਨੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ ਗਿਆ ਹੈ।

### ਸਵਾਮੀ ਅੰਤਰਨੀਰਵ

ਸਵਾਮੀ ਅੰਤਰਨੀਰਵ ਦਾ ਜਨਮ 1971 ਨੂੰ ਡੂੰਗਸ ਪੁਣਛ ਵਿਖੇ ਹੋਇਆ ਅਤੇ ਅੱਜਕਲ੍ਹ ਉਹ ਨਿਹਾਲਪੁਰ ਸਿੰਬਲ ਕੈਂਪ,ਜੰਮੂ ਵਿਖੇ ਰਹਿ ਰਹੇ ਹਨ। ਸਵਾਮੀ ਅੰਤਰਨੀਰਵ ਨੇ ਆਪਣੀ ਮਾਤ ਭਾਸ਼ਾ ਪੋਠੋਹਾਰੀ ਦੀ ਗੁੜ੍ਹਤੀ ਦਾ ਰੰਗ ਆਪਣੀ ਪਲੇਠੀ ਕਾਵਿ-ਪੁਸਤਕ 'ਕੁਝ ਬਾਕੀ ਹੈ' ਵਿਚ ਬਿਖੇਰਿਆ। ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਜਿੱਥੇ ਇਸ ਆਂਚਲ ਦੇ ਸੱਭਿਆਚਾਰ ਅਤੇ ਸਥਾਨਿਕਤਾ ਦੀਆਂ ਮੁੱਲਵਾਨ ਕਦਰਾਂ-ਕੀਮਤਾਂ ਨੂੰ ਦਰਸਾਉਂਦੀਆਂ ਹਨ, ਉੱਥੇ ਪੋਠੋਹਾਰੀ ਭਾਸ਼ਾ ਦੇ ਚਾਰ ਸੌ ਤੋਂ ਵਧੇਰੇ ਸ਼ਬਦਾਂ ਦਾ ਅਹਿਮ ਦਸਤਾਵੇਜ਼ ਵੀ ਹਨ ਜਿਸ ਨੂੰ ਮਿੰਨੀ ਸੰਦਰਭ ਕੋਸ਼ ਦਾ ਨਾਮ ਦਿਤਾ ਜਾ ਸਕਦਾ ਹੈ। ਸਵਾਮੀ ਅੰਤਰਨੀਰਵ ਆਪਣੀ ਵੱਖਰੀ ਕਾਵਿ-ਭਾਸ਼ਾ ਅਤੇ ਕਾਵਿ-ਸੰਵੇਦਨਾ ਕਰਕੇ ਪਛਾਣਿਆ ਜਾਣ ਵਾਲਾ ਹਸਤਾਖਰ ਹੈ। ਹਾਲ ਹੀ ਵਿਚ ਛਪਿਆ 'ਨਹੀਂ' (2022) ਉਸ ਦਾ ਇੱਕ ਹੋਰ ਮਹੱਤਵਪੂਰਨ ਕਾਵਿ-ਸੰਗ੍ਰਹਿ ਹੈ। ਸਮਕਾਲੀ ਰਾਜਸੀ ਵਿਵਸਥਾ ਵਿਚ ਵੱਧ ਰਹੀ ਗਿਰਾਵਟ, ਆਰਥਿਕ ਨਾਬਰਾਬਰੀ,

ਸੰਪਰਦਾਇਕ ਸੋਚ ਦਾ ਵਿਰੋਧ, ਆਂਚਲਿਕ ਲੋਕਧਾਰਾਈ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਪ੍ਰਚਾਰ, ਕਸ਼ਮੀਰ ਸੰਕਟ ਆਦਿ ਵਿਸ਼ੇ ਉਸ ਦੀਆਂ ਕਵਿਤਾਵਾਂ ਵਿਚ ਮੌਲਦੇ ਹਨ।

## 3.4 Summary (ਨਿਸ਼ਕਰਸ਼):

ਕਾਵਿ ਮਹਿਕਾਂ ਕਾਵਿ ਪੋਥੀ ਜੰਮੂ ਖਿੱਤੇ ਦੇ ਸਮਾਜਿਕ ਆਰਥਿਕ ਰਾਜਨੀਤਿਕ ਪ੍ਰਕਿਰਤਿਕ ਤਾਣੇ ਬਾਣੇ ਨਾਲ ਰੂਬਰੂ ਕਰਵਾਉਂਦੀ ਹੈ।ਕਵਿਤਾਵਾਂ ਦੇ ਵਿਸ਼ੇ ਗੰਭੀਰ ਅਤੇ ਸਮਕਾਲੀ ਜੰਮੂ-ਕਸ਼ਮੀਰ ਦੀਆਂ ਸਮੱਸਿਆਵਾਂ ਤੋਂ ਲੈ ਕੇ ਸਰਵਵਿਆਪੀ ਵੀ ਹਨ।ਕਵਿਤਾਵਾਂ ਵਿਚ ਜੁਝਾਰੂ, ਪ੍ਰਗਤੀਵਾਦੀ, ਰੋਮਾਂਟਿਕ, ਰਹੱਸਵਾਦੀ ਅਤੇ ਸਮਕਾਲਿਕ ਸਾਰੀਆਂ ਪ੍ਰਵਿਰਤੀਆਂ ਪ੍ਰਾਪਤ ਹੁੰਦੀਆ ਹਨ।ਕਾਵਿ ਮਹਿਕਾਂ ਜੰਮੂ ਕਸ਼ਮੀਰ ਦੀ ਪੰਜਾਬੀ ਕਵਿਤਾ ਦੇ ਕੋਸ਼ ਜਿਹਾ ਪ੍ਰਤੀਤ ਹੁੰਦਾ ਹੈ। ਇਹ ਜਾਣਕਾਰੀ ਨਾ ਕੇਵਲ ਪੰਜਾਬੀ ਦੇ ਵਿਦਿਆਰਥੀਆਂ ਲਈ ਮੁੱਲਵਾਨ ਹੈ ਸਗੋਂ ਇਸ ਖਿੱਤੇ ਤੋਂ ਬਾਹਰ ਰਹਿੰਦੇ ਪੰਜਾਬੀ ਭਾਸ਼ਾ ਖੇਤਰ ਨੂੰ ਵੀ ਪ੍ਰਭਾਵਿਤ ਕਰਦੀ ਹੈ।

## 3.5 Glossary (ਔਖੇ ਸ਼ਬਦ) :

**ਨਰੋਏ:** ਤੰਦਰੁਸਤ, ਨਿਰੋਗ

**ਤਖ਼ਤੀ:** ਪੱਟੀ, ਛੋਟਾ ਤਖ਼ਤਾ

**ਕਮਜ਼ਰਫ਼:** ਓਛਾ, ਥੋੜੇ ਹੌਸਲੇ ਵਾਲਾ, ਕਮੀਨਾ, ਥੋੜਦਿਲਾ

**ਮੇਸਣੀ:** ਦਿਲ ਦਾ ਖੋਟਾ, ਮਿਨ੍ਹਾਂ; ਚੁੱਪ ਰਹਿਣਾ

**ਅਸਚਰਜਤਾ:** ਅਚੰਭਾ, ਅਚੰਭਿਤ

**ਖ਼ੌਫ਼ਜ਼ਾਦਾ:** ਡਰ ਦਾ ਮਹੌਲ

**ਪੰਗਡੰਡੀਆਂ:** ਪੈਦਲ ਤੁਰਨ ਵਾਲਾ ਰਸਤਾ

**ਮੁਹੱਜ਼ਬ:** ਸਾਊ, ਸ਼ਰੀਫ਼, ਤਮੀਜ਼ਦਾਰ, ਖੁਲਕੀ, ਨਿਮਰ

**ਸੂਲੀ:** ਫਾਹਾ ਲਾਉਣ ਵਾਲੀ ਥੰਮੀ

**ਪਰਲੋ:** ਜਗਤ ਦਾ ਨਾਸ, ਭਿਆਨਕ ਬਿਪਦਾ

**ਵਾਛੜ:** ਇੱਕ ਪਾਸੇ ਵੱਲ ਵੱਗਦੀ ਤੇਜ਼ ਹਵਾ ਕਾਰਨ ਪੈਣ ਵਾਲੀਆਂ ਤਿਰਛੀਆਂ ਕਣੀਆਂ

**ਮੁਨਸਫ਼:** ਇਨਸਾਫ਼ ਕਰਨ ਵਾਲਾ ਅਫ਼ਸਰ

**ਜੇਬ-ਤਰਾਸ਼ਾਂ:** ਚੋਰ, ਭ੍ਰਿਸ਼ਟਾਸਾਰ

**ਤ੍ਰਿਸ਼ਨਾ:** ਲਾਲਚ, ਇੱਛਾ

**ਗੂੜ:** ਡੂੰਘਾ, ਗਹਿਰਾ

**ਢੰਡੋਰਾ:** ਸ਼ੋਰ ਮਚਾਉਣਾ

**ਨਿੱਝ:** ਨਿੱਜ, ਵਿਅਕਤੀਗਤ

**ਟਟਹਿਣੇ:** ਇੱਕ ਉੱਡਣ ਵਾਲੀ ਕੀਟ ਪ੍ਰਜਾਤੀ। ਇਸ ਕੋਲ ਕੁਦਰਤੀ ਤੌਰ 'ਤੇ ਇੱਕ ਲਾਈਟ ਹੁੰਦੀ ਹੈ ਜਿਹੜੀ ਸਾਥੀ ਕੀਟਾਂ ਨੂੰ ਆਪਣੇ ਵੱਲ ਖਿੱਚਦੀ ਹੈ।

**ਬਰਕਤ:** ਵਾਧਾ, ਤਰੱਕੀ

## 3.6 ਅਭਿਆਸ ਲਈ ਪ੍ਰਸ਼ਨ [Self Assessment Questions (SAQ)]

1. ਪ੍ਰਸ਼ਨ: 'ਕਾਵਿ ਮਹਿਕਾਂ' ਕਾਵਿ ਪੋਥੀ ਵਿਚਲੇ ਵਿਸ਼ਿਆਂ ਉੱਤੇ ਚਾਣਨਾ ਪਾਉ?

2. ਪ੍ਰਸ਼ਨ: 'ਕਾਵਿ ਮਹਿਕਾਂ' ਕਾਵਿ ਪੋਥੀ ਆਧਾਰ ਉੱਤੇ ਉਸਦੀ ਕਾਵਿ ਸ਼ੈਲੀ ਦੀਆਂ ਵਿਸ਼ੇਸ਼ਤਾਵਾਂ ਦੱਸੋ?

3. ਪ੍ਰਸ਼ਨ: ਕਾਵਿ ਪੋਥੀ 'ਕਾਵਿ ਮਹਿਕਾਂ' ਵਿਚ ਕਵੀਆਂ ਨੇ ਕਸ਼ਮੀਰ ਸਮੱਸਿਆ ਨੂੰ ਕਿਵੇਂ ਉਜਾਗਰ ਕੀਤਾ ਹੈ।

## 3.7 ਸਹਾਇਕ ਗ੍ਰੰਥਾਵਲੀ (Suggestive Readings)

ਸੰਪਾਦਕ: ਡਾ. ਹਰਜਿੰਦਰ ਸਿੰਘ, ਡਾ. ਪ੍ਰੀਤਮ ਸਿੰਘ, 'ਕਾਵਿ ਮਹਿਕਾਂ' ਜੰਮੂ-ਕਸ਼ਮੀਰ ਦੀ ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ ਸੰਗ੍ਰਹਿ, ਗਰੇਸ਼ੀਅਸ ਬੁਕਸ, ਪਟਿਆਲਾ, 2002

## ਹੋਰ ਸੁਝਾਉ

- ✓ ਸੰਤ ਸਿੰਘ ਸੇਖੋਂ : ਸਾਹਿਤਿਆਰਥ
- ✓ ਡਾ. ਰਵਿੰਦਰ ਸਿੰਘ ਰਵੀ : ਪੰਜਾਬੀ ਕਵਿਤਾ ਦਾ ਕਾਵਿ ਸ਼ਾਸ਼ਤਰ
- ✓ ਡਾ. ਸਤਿੰਦਰ ਸਿੰਘ : ਕਵਿਤਾ ਦੀ ਭੂਮਿਕਾ
- ✓ ਡਾ. ਗੁਰੁਮੇਲ ਸਿੱਧੂ : ਖੁੱਲ੍ਹੀ ਕਵਿਤਾ ਦੇ ਮਾਪਦੰਡ
- ✓ ਡਾ. ਸਤਿੰਦਰ ਸਿੰਘ : ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ
- ✓ ਡਾ. ਕਰਮਜੀਤ ਸਿੰਘ : ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ
- ✓ ਡਾ. ਜਸਵਿੰਦਰ ਸਿੰਘ : ਨਵੀਂ ਪੰਜਾਬੀ ਕਵਿਤਾ : ਪਛਾਣ ਚਿੰਨ੍ਹ
- ✓ ਡਾ. ਅਮਰਜੀਤ ਗਰੇਵਾਲ : ਮੁਹੱਬਤ ਦੀ ਰਾਜਨੀਤੀ
- ✓ ਡਾ. ਵਨੀਤਾ : ਕਵਿਤਾ ਦੀਆਂ ਪਰਤਾਂ
- ✓ ਡਾ. ਸੁਖਦੇਵ ਸਿੰਘ : ਕਾਵਿ ਸਰੋਕਾਰ
- ✓ ਡਾ. ਯੋਗਰਾਜ : ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦਾ ਸੁਹਜ ਸ਼ਾਸ਼ਤਰ
- ✓ ਡਾ. ਯੋਗਰਾਜ : ਨਵੀਂ ਪੰਜਾਬੀ ਸ਼ਾਇਰੀ : ਸਮਕਾਲੀ ਸੰਦਰਭ
- ✓ ਡਾ. ਯੋਗਰਾਜ : ਨਵੀਂ ਪੰਜਾਬੀ ਕਵਿਤਾ : ਪ੍ਰਤੀਰੋਧ ਦੇ ਨਵੇਂ ਸੰਦਰਭ
- ✓ ਡਾ. ਯੋਗਰਾਜ : ਆਧੁਨਿਕ ਪੰਜਾਬੀ ਕਵਿਤਾ
- ✓ ਹਰਵਿੰਦਰ ਭੰਡਾਲ : ਸਮਕਾਲੀ ਪੰਜਾਬੀ ਕਵਿਤਾ : ਪ੍ਰਵਚਨ ਤੇ ਪ੍ਰਸ਼ਨ

.......................